੨੯ਵਾਂ ਸਾਲ

# ਵਰਿਆਮ

ਜੂਨ, ੨੦੦੪



ਜੀ ਆਇਆ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ

Namdhari Elibrary NamdhariElibrary@gmail.com



ਹਰਮਨ ਪਿਆਰੇ ਸੰਤ ਹਰਨਾਮ ਸਿੰਘ ਜੀ

੧੭ ਅਪਰੈਲ ੨੦੦੪ ਨੂੰ ਸ੍ਰੀ ਭੈਣੀ ਸਾਹਿਬ ਵਿਚ ਜੀਵਨ ਲੀਲਾ ਸਮਾਪਤ ਕਰ ਗਏ।

Namdhari Elibrary NamdhariElibrary@gmail.com

# ਵਰਿਆਮ

ਮਈ-੨੦੦੪
ਜਿਲਦ-੨੯
ਅੰਕ-੮



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ |

ਹਵਾਈ ਡਾਕ ਰਾਹੀਂ
**ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।**

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ : ਜੀ ਆਇਆਂ ਡਾਕਟਰ ਮਨਮੋਹਨ ਸਿੰਘ ---੨
ਸੋਨੀਆ ਇਕ ਪਰੀ ਕਹਾਣੀ—*ਜਗਦੀਸ਼ ਸਿੰਘ* --------੨
ਡਾ. ਜੁਗਿੰਦਰ ਬਾਵਰਾ ਦੀ ਯਾਦ ਵਿੱਚ —*ਜਗਦੀਸ਼ ਸਿੰਘ* -------੪
ਕਾਮਾਗਾਟਾਮਾਰੂ ਕਾਂਡ ਦਾ ਸਜਰਾ ਗਵਾਹ —*ਸਵਰਨ ਸਿੰਘ ਸਨੇਹੀ* -------੫
ਡਾ. ਅਮਰ ਭਾਰਤੀ ਦੀ ਮਿੱਠੀ ਯਾਦ ਵਿੱਚ —*ਸੇਠ ਜਗਤਾਰ ਸਿੰਘ ਸਚਦੇਵ* ----੭
ਅਥੱਕ ਪਥਿਕ ਅਮਰ ਭਾਰਤੀ —*ਗੁਰੂਬਚਨ ਸਿੰਘ ਨਾਮਧਾਰੀ* ------੯
ਅਮਰ ਭਾਰਤੀ ਜੀ : ਇਕ ਯਾਦ —*ਜਗਤਾਰ ਜੀਤ ਸਿੰਘ* --------੧੦
ਡਾ. ਅਮਰ ਭਾਰਤੀ ਨਾਲ ਵਾਰਤਾਲਾਪ —*ਜਗਦੀਸ਼ ਸਿੰਘ* ----------- ੧੩
ਸਾਨੂੰ ਆਪਣੇ ਸਦਾ ਬਣਾਈ ਰੱਖੀ—*ਸੁਵਰਨ ਸਿੰਘ ਵਿਰਕ* - ੧੭
ਤੇਰੇ ਵਾਂਗੂੰ ਅਰਸ਼ੀ ਦਾਤਾ ਹੋਰ ਕਿਸੇ ਕੁਰਬਾਨ ਨਹੀਂ ਹੋਣਾ —*ਗਿਆਨ ਸਿੰਘ ਕੋਟਲੀ* ------- ੨੧
ਦਰਦ—ਨੀਲਮ ਸੰਜੀਵ ------------------------------੨੨
ਰੱਖ ਤਲੀਆਂ ਤੇ ਅੰਗਿਆਰ ਕੁੜੇ—*ਤੂਲੀ ਫਕੀਰ ਚੰਦ* - ੨੨
ਬਾਰਾਂ ਮਾਹ : ਅੱਜ ਦੀ ਕਿਰਸਾਨੀ —*ਮਾ. ਅਮਰੀਕ ਸਿੰਘ* ------- ੨੩
ਸ਼ਹੀਦੀ ਗੁਰੂ ਅਰਜਨ ਦੇਵ ਜੀ —*ਗਿਆਨ ਸਿੰਘ ਕੋਟਲੀ* ------- ੨੫
ਹਮਦ-*ਕੰਵਰ ਇਮਤਿਆਜ* ------------------੨੬
ਜਦੋਂ ਰੁੱਖ ਰੁਦਨ ਕਰਦੇ ਨੇ—*ਅਮਰੀਕ ਡੋਗਰਾ* ----- ੨੬
ਮੈਂ ਜਿਊਂਦਾ ਰਹਾਂਗਾ—*ਇੰਦਰਜੀਤ ਹਸਨਪੁਰੀ* ----- ੨੬
ਗ਼ਜ਼ਲ—*ਨਵਰਾਹੀ ਘੁਗਿਆਣਵੀ* ------------- ੨੭
ਰੁੱਖ ਤੇ ਪੰਛੀ—*ਬਲਵਿੰਦਰ ਕੌਰ ਕੰਗ* ------------ ੨੭
ਮਾਡਰਨ ਹੀਰ—*ਆਦਲ ਦਿਆਲਪੁਰੀ* ---------- ੨੭
ਚਲ ਬੁੱਲਿਆ ਧਰਤੀ ਤੇ ਚੱਲੀਏ—*ਗੁਰਭਜਨ ਗਿੱਲ* - ੨੮
ਮਹੰਤ ਜੀ—*ਨਿੰਦਰ ਘੁਗਿਆਣਵੀ* ------------- ੨੮
ਕੁਝ ਪੜ੍ਹਨ ਯੋਗ ਪੜ੍ਹੀਆਂ ਪੁਸਤਕਾਂ —*ਪਿਆਰਾ ਸਿੰਘ ਭੋਗਲ* ------ ੩੩
ਖ਼ਬਰਨਾਮਾ------------------------------ ੩੭
ਪ੍ਰਤੀਕਿਰਿਆ----------------------------- ੪੫





Namdhari Elibrary NamdhariElibrary@gmail.com

# ਜੀ ਆਇਆਂ ਡਾਕਟਰ ਮਨਮੋਹਣ ਸਿੰਘ

ਤੇਜ਼ੀ ਨਾਲ ਵਾਪਰੇ ਘਟਨਾ ਕ੍ਰਮ ਦੇ ਫਲ ਸਰੂਪ ਭਾਰਤ ਦੇ ਤੇਰਵੇਂ ਪ੍ਰਧਾਨ ਮੰਤਰੀ ਵਜੋਂ ਉਘੇ ਅਰਥ ਸ਼ਾਸਤ੍ਰੀ ਡਾਕਟਰ ਮਨਮੋਹਣ ਸਿੰਘ ਹੋਰਾਂ ਅਹੁਦਾ ਸੰਭਾਲ ਲਿਆ ਹੈ। ਡਾਕਟਰ ਮਨਮੋਹਣ ਸਿੰਘ ਦਾ ਪ੍ਰਧਾਨ ਮੰਤਰੀ ਬਣਨਾ ਬਹੁਤ ਚੰਗਾ ਅਤੇ ਸੁਆਗਤ ਯੋਗ ਸਗਨ ਹੈ। ਜਦੋਂ ਵੀ ਸਿਆਸਤ ਵਿੱਚ ਆਏ ਨਿਘਾਰ ਦੀ ਚਰਚਾ ਚਲਦੀ ਸੀ ਅਤੇ ਭ੍ਰਸ਼ਟ ਲੋਕਾਂ ਦੀ ਕਾਮਯਾਬੀ ਦਾ ਚਰਚਾ ਹੁੰਦਾ ਸੀ ਤਾਂ ਅਕਸਰ ਸਿਆਣੇ ਲੋਕ ਕਹਿੰਦੇ ਸਨ ਕਿ ਜਦੋਂ ਦੇਸ਼ ਦਾ ਤੰਤ੍ਰ ਅਜਿਹਾ ਹੈ ਜਿਸ ਵਿੱਚ ਮਨਮੋਹਣ ਸਿੰਘ ਵਰਗੇ ਲੋਕ ਚੋਣ ਹਾਰ ਜਾਣ ਤਾਂ ਭ੍ਰਸ਼ਟ ਤੇ ਬੜਬੋਲੇ ਲੋਕਾਂ ਦਾ ਤਾਂ ਆਪੇ ਬੋਲ ਬਾਲਾ ਹੋਣਾ ਹੋਇਆ। ਅਸੀਂ ਆਪਣੇ ਇਕ ਸੰਪਾਦਕੀ ਵਿੱਚ ਵੀ ਇਸ ਸ਼ੇਅਰ ਦਾ ਜ਼ਿਕਰ ਕੀਤਾ ਸੀ ਕਿ .

ਲੋਕਾਂ ਦਾ ਰਾਜ ਹੈ ਤੇ ਲੋਕ ਰਾਜ ਅੰਦਰ<br>
ਬੰਦਾ ਮਹਾਨ ਕੋਈ ਤੇ ਕਾਮਯਾਬ ਕੋਈ

ਪਰ ਵਰਤਮਾਨ ਘਟਨਾ ਚਕਰ ਵਿੱਚ ਭਾਵੇਂ ਕਾਰਨ ਕੋਈ ਵੀ ਹੋਵੇ ਅੰਤ ਕਹਿਣਾ ਹੀ ਪੈਂਦਾ ਹੈ। ਮਹਾਨ ਬੰਦਾ ਵੀ ਕਾਮਯਾਬ ਹੋ ਸਕਦਾ ਹੈ।

ਅਸੀਂ ਡਾ. ਮਨਮੋਹਣ ਸਿੰਘ ਜੀ ਨੂੰ ਜਦੋਂ ਵੀ ਜਿਨਾ ਵੀ ਵੇਖਿਆ ਹੈ ਉਹ ਬਹੁਤ ਹਲੀਮ, ਸਹਿਜ ਅਤੇ ਸੰਤੁਲਿਤ ਵਿਅਕਤੀ ਲਗੇ ਹਨ। ਇਕ ਵਾਰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਸਮਾਗਮ ਤੇ ਆਏ ਤਾਂ ਬਹੁਤ ਜਿਆਦਾ ਸੁਰੱਖਿਆ ਦਸਤਿਆਂ ਦਾ ਘੇਰਾਓ ਸੀ (ਮੁਖਮੰਤਰੀ ਵੀ ਆਏ ਸਨ) ਅਸੀਂ ਅਕੈਡਮੀ ਮੈਂਬਰ ਖੂੰਜੇ ਵਿੱਚ ਲਗੇ ਹੋਏ ਸੀ। ਡਾ. ਸਾਹਿਬ ਘੇਰਾ ਤੋੜ ਕੇ ਲੇਖਕਾਂ ਨਾਲ ਹੱਥ ਮਿਲਾਉਣ ਵਾਸਤੇ ਆਏ। ਇਕ ਵਾਰ ਹਿੰਦਸਾਚਾਰ ਦੇ ਸ਼ਹੀਦ ਪਰਿਵਾਰ ਫੰਡ ਸਮਾਗਮ ਜਲੰਧਰ ਵਿੱਚ ਉਹ ਮੁਖ ਮਹਿਮਾਨ ਵਜੋਂ ਪਹਿਲੋਂ ਸਟੇਜ ਤੇ ਸੁਸ਼ੋਭਿਤ ਸਨ, ਪਰ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਪੁੱਜੇ ਤਾਂ ਡਾਕਟਰ ਸਾਹਿਬ ਸਟੇਜ ਤੋਂ ਉਠ ਕੇ ਇਕਲੇ ਹੀ ਪੈਦਲ ਤੁਰ ਕੇ ਪੰਡਾਲ ਤੋਂ ਬਾਹਰ ਆ ਗਏ ਸੁਆਗਤ ਵਾਸਤੇ। ਅਜਿਹੇ ਨਿਰਮਾਣਤਾ ਅਤੇ ਸ਼ਾਇਸਤਗੀ ਭਰਪੂਰ ਗੁਣ ਕਿਸੇ ਵੱਡੇ ਮਨੁੱਖ ਵਿੱਚ ਹੀ ਹੋ ਸਕਦੇ ਹਨ। ਸ. ਮਨਮੋਹਣ ਸਿੰਘ ਨੇ ਸੱਚ ਮੁੱਚ ਦੁਨੀਆਂ ਨੂੰ ਮੋਹਿਆ ਹੈ। ਉਹਨਾਂ ਦੇ ਰਾਜਸੀ ਵਿਰੋਧੀ ਵੀ ਇਸ ਗਲ ਨੂੰ ਭਲੀ ਭਾਂਤ ਮੰਨਦੇ ਹਨ। ਆਮ ਸਿਆਸਤ ਵਿੱਚ ਅਜਿਹੇ ਲੀਡਰ ਘੱਟ ਹੀ ਹੁੰਦੇ ਹਨ ਜੋ ਪੜ੍ਹੇ ਲਿਖੇ ਵੀ ਹੋਣ ਅਤੇ ਉਹਨਾਂ ਆਪਣੇ ਜੀਵਨ ਵਿੱਚ ਵੱਡੇ ਤੋਂ ਵੱਡੇ ਮੀਲ ਪੱਥਰ ਵੀ ਗੱਡੇ ਹੋਣ। ਅਸੀਂ ਮੁਕਾਬਲਾ ਤਾਂ ਨਹੀਂ ਚਾਹੁੰਦੇ ਪਰ ਅਜ ਕਲ ਅਜਿਹੇ ਸਜਨ ਦਾ ਸਿਆਸਤ ਦੀ ਸਿਖਰਲੀ ਪਉੜੀ ਤੇ ਖੜੇ ਹੋਣਾ ਅਚੰਭੇ ਤੋਂ ਘੱਟ ਨਹੀਂ ਹੈ। ਔਖੇ ਸਮੇਂ ਵਿੱਚ ਕਾਮਯਾਬ ਹੋਣਾ ਦੇਸ਼ ਦੇ ਭਲੇ ਵਿੱਚ ਹੈ ਅਤੇ ਇਸ ਵਾਸਤੇ ਹੀ ਅਸੀਂ ਅਰਦਾਸ ਵੀ ਕਰਦੇ ਹਾਂ। ਭਾਵੇਂ ਉਹਨਾਂ ਦਾ ਮੁਕਾਬਲਾ ਅੰਦਰੋਂ ਬਾਹਰੋਂ ਉਹਨਾਂ ਲੋਕਾਂ ਨਾਲ ਹੈ ਜਿਹਨਾਂ ਨੂੰ ਕਿਸੇ ਮਾਨ ਮਰਿਆਦਾ ਜਾਂ ਪਰੰਪਰਾ ਦੀ ਪਰਵਾਹ ਨਹੀਂ। ਜੋ ਪਿਠ ਪਿੱਛੇ ਵੀ ਵਾਰ ਕਰ ਸਕਦੇ ਹਨ ਪਰ ਫੇਰ ਵੀ ਸਾਨੂੰ ਡਾਕਟਰ ਮਨਮੋਹਣ ਸਿੰਘ ਜੀ ਦੇ ਪ੍ਰਧਾਨ ਮੰਤਰੀ ਬਣਨ ਤੇ ਖੁਸ਼ੀ ਮਣੋਂਦਿਆਂ ਵਧਾਈਆਂ ਦਿੰਦੇ ਲੈਂਦਿਆਂ ਉਹਨਾਂ ਦੀ ਕਾਮਯਾਬੀ ਦੀ ਅਰਦਾਸ ਕਰਨੀ ਚਾਹੀਦੀ ਹੈ।

# ਸੋਨੀਆ : ਇਕ ਪਰੀ ਕਹਾਣੀ

ਡਾਕਟਰ ਮਨਮੋਹਣ ਸਿੰਘ ਜਿਹੇ ਸੁਸ਼ੀਲ, ਸਿਆਣੇ, ਨਿਰਮਾਣ ਅਤੇ ਤਿਆਗੀ ਸਜਨ ਦੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਅਗੇ ਅਉਣ ਦੇ ਮੁੱਖ ਕਾਰਨ ਵਿੱਚ ਇਕ ਹਸਤੀ ਦਾ ਨਾਮ ਆਉਂਦਾ ਹੈ। ਉਹ ਹੈ ਸ੍ਰੀਮਤੀ ਸੋਨੀਆ ਗਾਂਧੀ। ਜਦੋਂ ਚੋਣਾਂ ਜਿਤ ਕੇ ਬਾਕੀ ਸਹਿਯੋਗੀ ਪਾਰਟੀਆਂ ਦੀ ਸਰਗਰਮ ਹਮਾਇਤ ਨਾਲ ਉਹ ਖੁਦ ਪ੍ਰਧਾਨ ਮੰਤਰੀ ਬਣਨ ਦੇ ਅਧਿਕਾਰੀ ਹੋ ਕੇ ਰਾਸ਼ਟਰਪਤੀ ਜੀ ਨੂੰ ਵੀ ਮਿਲ ਆਏ ਤਾਂ ਉਹਨਾਂ ਆਪਣੀ 'ਅੰਤਰ ਆਤਮਾ ਦੀ ਆਵਾਜ਼' ਨਾਲ ਪ੍ਰਧਾਨ ਮੰਤਰੀ ਦਾ ਅਹੁਦਾ ਤਿਆਗ ਦਿੱਤਾ। ਲੋਕਾਂ ਦੇ ਭਾਰੀ ਹਮਾਇਤੀ ਪ੍ਰਦਰਸ਼ਨ ਦੇ ਬਾਦ, ਰਾਜਸੀ ਪਾਰਟੀਆਂ ਦੇ ਆਗੂਆਂ ਦੇ ਸਮਝਾਉਣ ਅਤੇ ਕਾਂਗਰਸੀ ਪਾਰਲੀਮੈਂਟਰੀ ਪਾਰਟੀ ਦੇ ਆਗੂਆਂ ਦੀਆਂ ਅਪੀਲਾਂ ਦਲੀਲਾਂ ਅਤੇ ਭਾਵੁਕ ਬੇਨਤੀਆਂ ਦੇ ਬਾਵਜੂਦ ਵੀ ਉਹ ਆਪਣੇ ਫੈਸਲੇ ਤੇ ਅਡੋਲ ਰਹੇ। ਇਹ ਸੋਨੀਆ ਗਾਂਧੀ ਹੀ ਸੀ ਜਿਸ ਨੇ ਸਾਰੇ ਲੋਕਾਂ ਨੂੰ ਆਪਣੇ ਮਗਰ ਲਾ ਕੇ ਡਾ. ਮਨਮੋਹਣ ਸਿੰਘ ਨੂੰ ਭਾਰਤ ਦਾ ਤੇਰਵਾਂ, ਪ੍ਰਧਾਨ ਮੰਤਰੀ ਬਣਵਾ ਲਿਆ।

ਅੱਜ ਭਾਵੇ ਕੋਈ ਕੁਝ ਕਹੇ, ਕੋਈ ਵੀ ਕਾਰਣ ਹੋਣ ਪਰ ਭਾਰਤ ਵਿੱਚ ਹੀ ਕੀ ਬਾਹਰ ਵੀ ਤਿਆਗੀ ਲੋਕ ਮਹਾਤਮਾ ਵਾਂਗ ਪੂਜੇ ਜਾਂਦੇ ਹਨ। ਸ਼ਤਰੰਜ ਦੀ ਖੇਡ ਦੇ ਜਾਣਕਾਰ ਜਾਣਦੇ ਹਨ ਕਿ ਜਦ ਕੋਈ ਖਿਡਾਰੀ ਆਪਣੇ ਵਿਰੋਧੀ ਦੇ ਕਿਸੇ ਇਕੋ ਮੋਹਰੇ



Namdhari Elibrary NamdhariElibrary@gmail.com

ਦੇ ਪਿੱਛੇ ਹੀ ਪੈ ਜਾਵੇ ਤਾਂ ਉਹ ਆਪਣਾ ਦਿਮਾਗੀ ਠਰੰਮਾ ਅਤੇ ਸੰਤੁਲਨ ਗਵਾ ਕੇ ਬਾਕੀ ਖੇਡ ਕਮਜ਼ੋਰ ਕਰ ਬਹਿੰਦਾ ਹੈ। ਤਾਜ਼ਾ ਹੋਈਆਂ ਲੋਕ ਸਭਾ ਚੋਣਾਂ ਸਮੇਂ ਵਕਤ ਦੇ ਸਤਾਧਾਰੀਆਂ ਦਾ ਇਕੋ ਇਕ ਨਿਸ਼ਾਨਾ ਸੋਨੀਆ ਗਾਂਧੀ ਹੀ ਸੀ ਜਿਸ ਦੇ ਵਿਰੁਧ ਸਾਰੇ ਹੀ ਪਹਿਲਾਂ ਵਰਤੇ ਹੋਏ ਹਥਿਆਰ ਮੁੜ ਚਲਾਏ ਗਏ। ਵਿਦੇਸ਼ੀ ਮੂਲ ਦਾ ਮੁੱਦਾ, ਬੋਫਰਜ਼ ਤੋਪ ਦਾ ਮੁੱਦਾ ਅਤੇ ਹੋਰ ਬਹੁਤ ਕੁਝ। ਫਿਲਮੀ ਸਿਤਾਰਿਆਂ ਦੇ ਜਲਵੇ, ਮੀਡੀਆ ਦੇ ਚੈਨਲਾਂ ਅਤੇ ਜੋਤਸ਼ੀਆਂ ਦੀਆਂ ਭਵਿਖ ਬਾਣੀਆਂ, ਅਸਤਰਾਂ-ਸ਼ਸਤਰਾਂ ਵਾਂਗੂ ਵਰਤੇ ਗਏ। ਬੜੇ ਬੜੇ ਭੱਦਰ ਪੁਰਸ਼ ਭਾਰਤੀ ਸੰਸਕ੍ਰਿਤੀ ਦੇ ਝੰਡਾ ਬਰਦਾਰ, 'ਚੰਚਲ ਨਾਰ', 'ਗੰਧਾਰੀ', 'ਫਿਰੰਗੀ' ਅਤੇ ਹੋਰ ਅਪਮਾਨ ਜਨਕ ਅਤੇ ਗਿਰੇ ਹੋਏ ਸ਼ਬਦ ਖੁਲੇ ਆਮ ਬੋਲ ਕੇ ਸੋਨੀਆ ਦਾ ਮਜ਼ਾਕ ਉਡਾਉਂਦੇ ਰਹੇ ਅਤੇ ਟੀ.ਵੀ. ਚੈਨਲ ਬਾਰ ਬਾਰ ਦਿਖਾਉਂਦੇ ਰਹੇ। ਸੋਨੀਆ ਗਾਂਧੀ ਦੇ ਹਿੰਦੀ-ਅੰਗਰੇਜ਼ੀ ਉਚਾਰਣ ਅਤੇ ਭਾਸ਼ਨਾਂ ਦੀ ਨੌਟੰਕੀ ਬਣਾਈ ਗਈ। ਪਰ ਕਰਨਾ ਰੱਬ ਦਾ ਸੋਨੀਆ ਖਿਲਾਫ ਸਾਰਾ ਕੂੜ ਪਰਚਾਰ ਉਹਦੇ ਹੱਕ ਵਿੱਚ ਭੁਗਤਿਆ। ਆਮ ਸਾਧਾਰਨ ਲੋਕ ਅਜਿਹੀਆਂ ਚਾਲਾਕੀਆਂ ਨੂੰ ਪਸੰਦ ਨਹੀ ਸੀ ਕਰਦੇ। ਇਸ ਤਰ੍ਹਾਂ ਸਿਆਸਤ ਦੀ ਬਸਾਤ ਤੇ ਵਿਰੋਧੀਆਂ ਦੀ ਇਹੋ ਚਾਲ ਪੁਠੀ ਪੈ ਗਈ।

ਜੇ ਗਹੁ ਨਾਲ ਸ੍ਰੀਮਤੀ ਸੋਨੀਆ ਦੇ ਜੀਵਨ ਵਲ ਵੇਖਿਆ ਜਾਵੇ ਤਾਂ ਉਹ ਭਾਰਤ ਵਿੱਚ ਸਿਆਸਤ ਖੇਡਣ ਨਹੀਂ ਸੀ ਆਈ। ਉਹ ਤਾਂ ਇਟਲੀ ਚੋਂ ਇੰਗਲੈਂਡ ਵਿਚ ਪੜ੍ਹਨ ਗਈ ਸੀ। ਜਿਸ ਮੁੰਡੇ ਨਾਲ ਉਹਦਾ ਪਿਆਰ ਹੋਇਆ ਉਹ ਭਾਰਤ ਦਾ ਸੀ। ਉਹ ਯੂਰਪ ਛੱਡ ਕੇ ਪਿਆਰ ਦੇ ਪਿਛੇ ਭਾਰਤ ਆਈ। ਆਪਣਾ ਮੂਲ ਧਰਮ ਹੋਰ ਹੋਣ ਬਾਵਜੂਦ ਇਥੋਂ ਦੇ ਵੈਦਿਕ ਧਰਮ ਅਤੇ ਰਹੁ ਰੀਤ ਅਨੁਸਾਰ ਵਿਆਹ ਕਰਾਇਆ। ਜਿਹਦੇ ਪਿਛੇ ਉਹਨੇ ਆਪਣਾ ਦੇਸ਼ ਛੱਡਿਆ ਉਹ ਭਾਰਤ ਦਾ ਰਾਜ ਕੁਮਾਰ ਨਿਕਲਿਆ। ਭਾਰਤ ਦੀ ਸਿਆਸਤ ਵਿੱਚ ਖੂਨੀ ਦੌਰ ਚਲੇ। ਏਥੇ ਬਲਿਊ ਸਟਾਰ ਵਰਗੇ ਸਾਕੇ ਹੋਏ। ਇਸ ਖੂਨੀ ਸਾਕੇ ਦੇ ਸਾਰੇ ਪਾਤਰ ਬਲੀ ਚੜ੍ਹ ਗਏ। ਇਤਿਹਾਸ ਨੇ ਕਈ ਨਾਟਕੀ ਮੋੜ ਲਏ। ਸੋਨੀਆ ਨਾਲ ਹੋਣੀ ਨੇ ਪੈਰ ਪੈਰ ਤੇ ਖੇਡ ਖੇਡੀ। ਦਿਓਰ ਮਰ ਗਿਆ ਦਿਓਰਾਣੀ ਘਰੋਂ ਚਲੀ ਗਈ, ਸੱਸ, ਪਤੀ ਸਭ ਹੋਣੀ ਦੀ ਖੇਡ ਵਿੱਚ ਖਤਮ ਹੋ ਗਏ। ਉਹਦੀ ਸੱਸ ਅਤੇ ਪਤੀ ਦੀ ਮਜ਼ਬੂਤ ਸਿਆਸੀ ਪਾਰਟੀ ਇਵੇਂ ਬਿਖਰੀ ਜਿਵੇਂ ਸਦਾ ਲਈ ਖਤਮ ਹੋ ਗਈ ਹੋਵੇ। ਵੱਡੇ ਵੱਡੇ ਨੇਤਾ ਛੱਡ ਛੱਡ ਕੇ ਦੌੜ ਗਏ। ਯੂਰਪ ਅਮਰੀਕਾ ਦੇ ਲੋਕ ਕਈ ਕਈ ਵਿਆਹ ਅਤੇ ਤਲਾਕ ਕਰਦੇ ਰਹਿੰਦੇ ਹਨ। ਸੋਨੀਆ ਵੀ ਕਰ ਸਕਦੀ ਸੀ। ਸੋਨੀਆ ਬਾਰੇ ਮਸ਼ਹੂਰ ਕੀਤਾ ਗਿਆ ਕਿ ਉਹ ਇਟਲੀ ਦੌੜ ਜਾਵੇਗੀ। ਪਰ ਇਹ ਔਰਤ ਆਪਣੇ ਬੱਚਿਆਂ ਨੂੰ ਕੁਕੜੀ ਵਾਂਗ ਸੰਭਾਲਦੀ ਪਾਲਦੀ ਪੋਸਦੀ ਹੋਣੀ ਦਾ ਮੁਕਾਬਲਾ ਕਰਦੀ ਰਹੀ। ਫੇਰ ਉਹਨੇ ਆਪਣੇ ਪਤੀ ਅਤੇ ਸੱਸ ਦੀ ਮਰਖੱਪ ਰਹੀ ਕਾਂਗਰਸ ਪਾਰਟੀ ਵਿੱਚ ਨਵੀਂ ਜਾਨ ਪਾਈ। ਮੁੜ ਪੈਰਾਂ ਤੇ ਖੜਾ ਕੀਤਾ ਅਤੇ ਇਕ ਤੋਂ ਬਾਦ ਇਕ ਸੂਬੇ ਵਿੱਚ ਸਰਕਾਰ ਕਾਇਮ ਕਰਵਾਈ।

ਪਿੱਛੇ ਜਿਹੇ ਪੰਜ ਸੂਬਿਆਂ ਵਿੱਚ ਹੋਈਆਂ ਚੋਣਾਂ ਵਿੱਚ ਮੀਡੀਆ ਨੇ ਕਾਂਗਰਸ ਨੂੰ ਜਿਤਾਇਆ ਪਰ ਲੋਕਾਂ ਨੇ ਹਰਾਇਆ। ਕੇਂਦਰੀ ਸਰਕਾਰ ਵਾਲੇ ਹਾਕਮ ਧੜੇ ਨੇ ਝਟ ਫੈਸਲਾ ਲਿਆ ਕਿ ਲੋਕ ਸਭਾ ਚੋਣਾਂ ਕਰਵਾ ਕੇ ਅੱਗੇ ਨਾਲੋਂ ਵਧ ਬਹੁਮਤ ਲੈਣ ਦਾ ਹੁਣੇ ਹੀ ਮੌਕਾ ਹੈ। ਆਪਣੀ ਔਧ ਤੋਂ ਨੌ ਮਹੀਨੇ ਪਹਿਲਾਂ ਹੀ ਦੇਸ਼ ਵਿੱਚ ਚੋਣਾਂ ਦਾ ਮਹਾਭਾਰਤ ਮਚਿਆ। ਵਿਰੋਧੀਆਂ ਦੀ ਭਾਰੀ ਸੈਨਾ ਖਿਲਾਫ ਸੋਨੀਆ ਗਾਂਧੀ ਲਗਭਗ ਇਕਲੀ ਮੈਦਾਨ ਵਿੱਚ ਉਤਰੀ। ਦਿਨ ਰਾਤ ਚਲਦੀ ਰਹੀ। ਬਾਜਪਾਈ ਜਿਹੇ ਬਜ਼ੁਰਗ ਨੀਤੀਵਾਨ ਦੀ ਪਾਰਟੀ 'ਭਾਰਤ ਉਦੇ' ਅਤੇ 'ਫੀਲ ਗੁੱਡ' ਜਿਹੇ ਜਾਗੀਰਦਾਰਾਨਾ ਸੰਕਲਪ ਪੇਸ਼ ਕਰਦੀ ਰਹੀ। ਸੋਨੀਆ ਸੰਘਰਸ਼ ਕਰਦੀ, ਗਰੀਬੀ ਬੇਰੋਜ਼ਗਾਰੀ, ਬੀਮਾਰੀ ਅਤੇ ਲਾਚਾਰੀ ਦੀ ਬਾਤ ਸੁਣਾਉਂਦੀ ਰਹੀ। ਸਾਰੇ ਫੀਲੇ, ਪਿਆਦੇ, ਘੋੜੇ, ਤੋਪਾਂ ਅਤੇ ਵਜ਼ੀਰਾਂ ਦੇ ਹੁੰਦਿਆ ਹੋਇਆ ਸਿਆਸਤ ਦੀ ਸ਼ਤਰੰਜ ਤੇ ਵਿਰੋਧੀ ਸਤਾਧਾਰੀ ਧੜੇ ਦਾ ਰਾਜਾ ਮਾਤ ਖਾ ਗਿਆ। ਇਸ ਤਰਾਂ ਮੀਡੀਏ ਵਲੋਂ ਪਰਚਾਰੇ ਸੱਤਾ ਦੇ ਸੈਮੀਫਾਈਨਲ ਵਿੱਚ ਕਾਂਗਰਸ ਦੀ ਹਾਰ ਫਾਈਨਲ ਵਿੱਚ ਜਿੱਤ 'ਚ ਤਬਦੀਲ ਹੋ ਗਈ। ਸਾਡੇ ਕੋਲ ਖੁਲ ਕੇ ਗਲ ਕਰਨ ਲਈ ਇਸ ਵਕਤ ਥਾਂ ਵੀ ਨਹੀਂ ਸਮਾਂ ਵੀ ਨਹੀਂ, ਨਹੀਂ ਤਾਂ ਮੀਡੀਆ ਦੀ ਭੂਮਿਕਾ ਵੱਡਾ ਵਿਸ਼ਾ ਹੈ ਪਰ ਇਸੇ ਮੀਡੀਆ ਦੀ ਕਿਰਪਾ ਨਾਲ ਘਰ ਘਰ ਸਭ ਨੇ ਤਮਾਸ਼ੇ ਨੂੰ ਵੇਖਿਆ ਹੈ। ਸਾਰੇ ਘਟਨਾ ਚਕਰ ਵਿਚੋਂ ਕਈ ਲੇਖ ਅਤੇ ਪੁਸਤਕਾਂ ਬਣਦੀਆਂ ਹਨ।

ਸ੍ਰੀਮਤੀ ਸੋਨੀਆ ਸ਼ਾਨ ਨਾਲ ਜਿੱਤੀ। ਸਭ ਭਵਿੱਖ ਬਾਣੀਆਂ ਧਰੀਆਂ ਧਰਾਈਆਂ ਰਹਿ ਗਈਆਂ। ਜਿਸ ਵੇਲੇ ਰਾਜ ਸਿੰਘਾਸਨ ਉਡੀਕ ਕਰ ਰਿਹਾ ਸੀ ਤਾਂ ਸੋਨੀਆ ਨੇ ਵੇਖਿਆ ਕਿ ਭਵਿਖ ਵਿਚ ਲੋਕਾਂ ਦੇ ਹੋਰ ਮੁੱਦੇ ਤਾਂ ਪਿਛੇ ਰਹਿ ਜਾਣੇ ਹਨ ਇਕ ਸੋਨੀਆ ਦਾ ਇਟਲੀ ਵਿੱਚ ਜੰਮੀ ਹੋਣ ਦਾ ਮੁੱਦਾ ਬਣਾਇਆ ਜਾਵੇਗਾ। ਹਕੂਮਤ ਤਾਂ ਸੋਨੀਆ ਦੇ ਹੱਥ ਹੋਵੇਗੀ ਪਰ ਇਕ ਖੂਨ ਦੇ ਦਰਿਆ ਵਿਚੋਂ ਮੁੜ ਲੰਘਣਾ ਪਵੇਗਾ। ਸੋਨੀਆ ਗਾਂਧੀ ਨੇ ਰਾਜ ਤਖਤ ਦਾ ਤਿਆਗ ਕਰਕੇ ਲਖਾਂ ਨਿਰਦੋਸ਼ ਗਰੀਬ ਜਾਨਾਂ ਨੂੰ ਬਚਾ ਲਿਆ ਅਤੇ ਇਵੇਂ ਧਰਤੀ ਤੇ ਰਾਜ ਦੀ ਥਾਂ ਲੋਕਾਂ ਦੇ ਦਿਲਾਂ ਤੇ ਰਾਜ ਸਿੰਘਾਸਨ ਕਾਇਮ ਕਰ ਲਿਆ।

ਕਹਾਣੀ ਦੀ ਨਾਇਕਾ ਨੇ ਮਿਸਾਲੀ ਤਿਆਗ ਕੀਤਾ ਹੈ ਪਰ ਨੇਤਾ ਲੋਕਾਂ ਨੇ ਅਜੇ ਵੀ ਕੁਝ ਨਹੀਂ ਸਿਖਿਆ। ਉਹ ਅਜੇ ਵੀ ਕੁਰਸੀਆਂ ਪਿਛੇ ਲੜ ਰਹੇ ਨੇ। ਸੋਨੀਆ ਦਾ ਸੰਘਰਸ ਮੁੜ ਸ਼ੁਰੂ ਹੈ। ਦੁਨੀਆ ਦਾ ਅਖਾੜਾ ਨਵੇਂ ਘੋਲ ਨੂੰ ਵੇਖ ਰਿਹਾ ਹੈ। ਲੰਮੇ ਸਮੇਂ ਤਕ ਦੁਨੀਆ ਦੇ ਲੋਕ ਇਸ ਘਟਨਾ ਚੱਕਰ ਨੂੰ ਇਕ ਨਵੀਂ ਪਰੀ ਕਹਾਣੀ ਵਾਂਗ ਯਾਦ ਰਖਣਗੇ।

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

# ਡਾ. ਜੁਗਿੰਦਰ ਬਾਵਰਾ ਦੀ ਯਾਦ ਵਿੱਚ



ਜਲੰਧਰ ਦੇ ਸਭਿਆਚਾਰਕ ਖੇਤਰ ਦੀ ਪ੍ਰਸਿੱਧ ਹਸਤੀ ਡਾ. ਜੁਗਿੰਦਰ ਬਾਵਰਾ ੧੫ ਮਈ ੨੦੦੪ ਨੂੰ ਆਪਣੇ ਜੀਵਨ ਦੀ ਸਰਗਮ ਪੂਰੀ ਕਰ ਗਏ ਹਨ। ਅਨੇਕਾਂ ਮਹਾਨ ਕਲਾਕਾਰਾਂ ਦੀ ਯਾਦ ਵਿੱਚ ਸੰਗੀਤ ਸਮਾਰੋਹ ਆਯੋਜਤ ਕਰਨ ਵਾਲੇ ਡਾਕਟਰ ਬਾਵਰਾ ਹੁਣ ਆਪ ਇਕ ਯਾਦ ਬਣ ਗਏ ਹਨ। ਨਿਰਸੰਦੇਹ ਉਹ ਬਹੁਤ ਹਿੰਮਤੀ ਪੁਰਸ਼ ਸਨ। ਇਕੱਲੀ ਜਾਨ- ਡਾ. ਬਾਵਰਾ ਨੇ ਅਨੇਕਾਂ ਸੰਗੀਤ ਸਮਾਰੋਹ ਆਯੋਜਤ ਕੀਤੇ। ਹਰ ਵਕਤ ਉਹ ਇਹਨਾਂ ਸੰਮੇਲਨਾ ਦੀ ਤਿਆਰੀ ਵਿੱਚ ਵਿਅਸਤ ਹੁੰਦੇ। ਉਹ ਆਰਟਿਸਟ ਬੁਲਾਉਂਦੇ, ਖ਼ਬਰਾਂ ਤਿਆਰ ਕਰਕੇ ਅਖ਼ਬਾਰਾਂ ਨੂੰ ਦਿੰਦੇ, ਸੋਵੀਨਾਰ ਤਿਆਰ ਕਰਕੇ ਰੀਲੀਜ਼ ਕਰਾਉਂਦੇ ਅਤੇ ਸਮਾਗਮ ਦੀਆਂ ਖ਼ਬਰਾਂ ਲਿਖਦੇ ਅਤੇ ਅਖ਼ਬਾਰਾਂ ਨੂੰ ਭੇਜਦੇ। ਆਪਣੇ ਸਾਈਕਲ ਜਾਂ ਸਕੂਟਰ ਤੇ ਉਹ ਹਰ ਥਾਂ ਹੀ ਹੁੰਦੇ। ਲੋਕਾਂ ਕੋਲੋਂ ਤਿਲ ਫੁਲ ਇਕੱਠਾ ਕਰ ਕੇ ਉਹ ਇਹ ਸੰਗਤ ਸਮਾਰੋਹ ਕਰਦੇ। ਭਾਰਤ ਦੇ ਨਾਮਵਰ ਅਤੇ ਉਭਰਦੇ ਕਲਾਕਾਰ ਅਤੇ ਕਲਾ ਪ੍ਰੇਮੀ ਇਹਨਾਂ ਸਮਾਗਮਾਂ ਵਿੱਚ ਭਾਗ ਲੈਂਦੇ। ਲੋਕ ਹੈਰਾਨ ਹੁੰਦੇ ਕਿ ਕਮਾਲ ਦੀ ਲਗਨ ਨਾਲ ਉਹ ਇਕਲੇ ਹੀ ਸਾਰਾ ਕੁਝ ਕਰਦੇ ਹਨ। ਸਮਾਗਮ ਦੌਰਾਨ ਉਹ ਆਪ ਆਰਟਿਸਟ ਵਜੋਂ ਭਾਗ ਵੀ ਲੈਂਦੇ, ਲੋੜ ਪੈਣ ਤੇ ਕਲਾਕਾਰ ਦਾ ਸਾਥ ਵੀ ਦੇਂਦੇ ਤੇ ਨਾਲੋਂ ਨਾਲ ਪਰਬੰਧ ਵੀ ਕਰਦੇ। ਸ਼ਮਾ ਰੌਸ਼ਨ ਤੋਂ ਲੈ ਕੇ ਆਰਟਿਸਟਾਂ ਨੂੰ ਮੋਮੈਂਟੋ ਦੇਣ ਦੀਆਂ ਰਸਮਾਂ ਵੀ ਨਿਭਾਉਂਦੇ।

ਡਾ. ਬਾਵਰਾ ਨੇ 'ਸੰਗੀਤ ਕਲਾ ਮੰਚ ਜਲੰਧਰ' ਨਾਮ ਦੀ ਸੰਸਥਾ ਕਾਇਮ ਕੀਤੀ ਅਤੇ ਇਸੇ ਬੈਨਰ ਹੇਠ ੪੫ ਸੰਗੀਤ ਸੰਮੇਲਨ ਆਯੋਜਿਤ ਕੀਤੇ। ਇਹਨਾਂ ਸੰਗੀਤ ਸਮਾਰੋਹਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਭੈਣੀ ਸਾਹਿਬ, ਪੰਡਿਤ ਰਾਜਨ-ਸਾਜਨ ਮਿਸ਼ਰਾ ਸ. ਗੁਰਦੇਵ ਸਿੰਘ ਸਰੋਦ ਵਾਦਕ, ਹਰਜਿੰਦਰ ਪਾਲ ਸਿੰਘ ਨਾਮਧਾਰੀ ਸੰਤੂਰ ਵਾਦਕ, ਮੋਹਨ ਸਿੰਘ, ਸੁਖਦੇਵ ਸਿੰਘ ਗਾਇਕ, ਪੰਡਿਤ ਰਮਾ ਕਾਂਤ, ਰਾਜੇਸ਼ ਮਾਲਵੀਆ ਤਬਲਾ ਕਲਾਕਾਰ, ਦੀਨਾ ਨਾਥ ਮਿਸ਼ਰਾ ਭੋਲਾ ਨਾਥ ਮਿਸ਼ਰਾ ਜਿਹੀਆਂ ਮਹਾਨ ਹਸਤੀਆਂ ਨੇ ਭਾਗ ਲਿਆ। ਗਾਇਕਾਂ ਸਿਤਾਰ, ਸੰਤੂਰ, ਸਰੋਦ ਅਤੇ ਤਬਲਾ ਕਲਾਕਾਰਾਂ ਨੇ ਦਿੱਲੀ, ਕਲਕੱਤਾ, ਭੋਪਾਲ, ਗਵਾਲੀਅਰ, ਮੁੰਬਈ, ਵਾਰਾਨਸੀ ਅਤੇ ਲਖਨਊ ਵਰਗੀਆਂ ਥਾਵਾਂ ਤੋਂ ਆਣ ਕੇ ਇਹਨਾਂ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਡਾ. ਬਾਵਰਾ ਨੇ ਸੰਗੀਤ ਅਧਿਆਪਨ ਦੇ ਖੇਤਰ ਵਿੱਚ ਸਰਕਾਰੀ ਕਾਲਜਾਂ ਵਿੱਚ ਸੰਗੀਤ ਵਿਭਾਗ ਦੇ ਮੁੱਖੀ ਵਜੋਂ ਵੀ ਕੰਮ ਕੀਤਾ ਅਤੇ ਆਪਣੀ ਸੰਗੀਤ ਅਕੈਡਮੀ ਵੀ ਸਥਾਪਤ ਕੀਤੀ।

ਇਸ ਤੋਂ ਇਲਾਵਾ ਉਹਨਾਂ 'ਭਾਰਤੀ ਸੰਗੀਤ ਕੀ ਉਤਪਤੀ ਏਵਮ ਵਿਕਾਸ', 'ਭਾਰਤੀ ਸੰਗੀਤ ਕਾ ਇਤਿਹਾਸ, 'ਹਰਿਵਲਭ ਦਰਸ਼ਨ', 'ਹਰਿਵਲਭ ਦਰਪਣ', 'ਸੰਗੀਤ ਸਿਖਸ਼ਾ ਵਿਧਾਨ' (ਛਪਾਈ ਅਧੀਨ) 'ਸੰਗੀਤ ਅਧਿਆਪਣ' (ਛਪਾਈ ਅਧੀਨ) ਜਿਹੇ ਸੰਗੀਤ ਗ੍ਰੰਥਾਂ ਦੀ ਰਚਨਾ ਕੀਤੀ। ਕੋਈ ੩੦੦ ਸੰਗੀਤ ਸਬੰਧੀ ਆਰਟੀਕਲ ਉਨਾਂ ਅਖ਼ਬਾਰਾਂ ਰਸਾਲਿਆਂ ਲਈ ਲਿਖੇ।

ਹਰਵਲਭ ਸੰਗੀਤ ਮਹਾਂ ਸਭਾ ਦੇ ਉਹ ਸਰਗਰਮ ਅਗਜ਼ੈਕਟਿਵ ਮੈਂਬਰ ਸਨ ਅਤੇ ਹਰਵਲਭ ਸੰਗੀਤ ਸਮਾਰੋਹ ਸਬੰਧੀ ਖ਼ਬਰਾਂ ਅਤੇ ਲੇਖ ਅਖ਼ਬਾਰਾਂ 'ਚ ਛਪਵਾਉਂਦੇ।

ਡਾ. ਜੁਗਿੰਦਰ ਸਿੰਘ ਬਾਵਰਾ ਦਾ ਜਨਮ ੨੭ ਮਾਰਚ ੧੯੩੬ ਨੂੰ ਸ੍ਰੀ ਲਾਲ ਚੰਦ ਬਾਵਰਾ ਦੇ ਘਰ ਤਹਿਸੀਲ ਓਕਾੜਾ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿੱਚ ਹੋਇਆ। ੧੯੪੭ ਤੋਂ ਬਾਦ ਉਹ ਜਲੰਧਰ ਦੇ ਵਸਨੀਕ ਬਣ ਗਏ। ਸੰਗੀਤ ਦੀ ਆਰੰਭਕ ਸਿਖਿਆ ਉਹਨਾਂ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤੀ। ਪਿਤਾ ਜੀ ਨੇ ਫਿਰ ਆਪਨੂੰ ਪ੍ਰਸਿਧ ਗਾਇਕ ਸ. ਸੋਹਣ ਸਿੰਘ ਦਾ ਸ਼ਾਗਿਰਦ ਬਣਾਇਆ। ਡੀ. ਏ. ਵੀ. ਕਾਲਜ ਵਿੱਚ ਵਿਦਿਆਰਥੀ ਜੀਵਨ ਸਮੇਂ ਡਾ. ਬਾਵਰਾ ਅਤੇ ਵਰਤਮਾਨ ਗ਼ਜ਼ਲ ਗਾਇਕ ਜਗਜੀਤ ਸਿੰਘ ਇਕਠਿਆਂ ਕਾਲਜ ਵਲੋਂ ਵੱਖ-ਵੱਖ ਸੰਗੀਤ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ। ਅਤੇ ਪੁਰਸਕਾਰ ਪ੍ਰਾਪਤ ਕਰਦੇ ਰਹੇ। ਸ੍ਰੀ ਅਸ਼ਵਨੀ ਕੁਮਾਰ ਜੀ ਨੇ ਆਪਨੂੰ ਸ਼ਿਮਲਾ, ਸ੍ਰੀ ਨਗਰ, ਉਟਾ ਕਮੰਡ ਵਿੱਚ ਆਲ ਇੰਡੀਆਂ ਕੰਪੀਟੀਸ਼ਨਾਂ ਲਈ ਭੇਜਿਆ। ਸੰਨ ੧੯੬੦-੬੧-੬੨ ਵਿੱਚ ਸਿਤਾਰ ਵਾਦਨ ਵਿੱਚ ਆਪਨੇ ਪ੍ਰਥਮ ਪੁਰਸਕਾਰ ਪ੍ਰਾਪਤ ਕੀਤੇ। ੧੯੬੦ ਵਿੱਚ ਭਾਰਤ ਦੇ ਪ੍ਰਥਮ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਦੇ ਕਰ ਕਮਲਾ ਦੁਆਰਾ ਵੀ ਆਪ ਨੇ ਸਨਮਾਨ ਪ੍ਰਾਪਤ ਕੀਤਾ। ੧੯੮੪ ਵਿੱਚ ਦਿਲੀ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਆਪ ਪੰਜਾਬ ਦੇ ਪ੍ਰਥਮ ਸੰਗੀਤਕਾਰ ਸਨ।

ਆਪਦੇ ਨਿਧਨ ਨਾਲ ਸੰਗੀਤ ਜਗਤ ਅਤੇ ਖਾਸ ਕਰਕੇ ਜਲੰਧਰ ਨੂੰ ਇਕ ਬਹੁਤ ਵੱਡਾ ਘਾਟਾ ਪਿਆ ਹੈ। ਜਲੰਧਰ ਦੇ ਸੰਗੀਤ ਪ੍ਰੇਮੀ ਅਤੇ ਲੇਖਕ ਮਿਤਰ ਸ਼ੋਕ-ਗ੍ਰਸਤ ਹਨ।

ਆਪ ਦੇ ਪਰਿਵਾਰ ਵਿੱਚ ਸ੍ਰੀਮਤੀ ਗੁਰਚਰਨ ਕੌਰ ਪਤਨੀ, ਦੋ ਸਪੁਤਰ ਜਗਦੀਪ ਕਿਰਨ ਬਾਵਰਾ ਅਤੇ ਰਜਨੀਸ਼ ਕਿਰਨ ਬਾਵਰਾ ਅਤੇ ਇਕ ਪੁਤਰੀ ਅੰਜਲੀ ਹਨ ਜੋ ਈ.ਐਮ.੧੪੪ ਰਸਤਾ ਮੁਹੱਲਾ ਜਲੰਧਰ ਵਿੱਚ ਨਿਵਾਸ ਰਖਦੇ ਹਨ।

ਕਿਰਿਆ ਅਤੇ ਪਗੜੀ ਦੀ ਰਸਮ ੨੭ ਮਈ, ੨੦੦੪ ਵੀਰਵਾਰ ਨੂੰ ਦੁਪਹਿਰ ੨ ਤੋਂ ੩ ਵਜੇ ਤਕ ਸ੍ਰੀ ਸਤਯ ਨਾਰਾਇਣ ਮੰਦਰ ਨਜ਼ਦੀਕ ਐਸ. ਡੀ. ਕਾਲਜ ਮੁਹੱਲਾ ਗੋਬਿੰਦ ਗੜ੍ਹ, ਜਲੰਧਰ ਵਿੱਚ ਹੋ ਰਹੀ ਹੈ। ਅਸਾਂ ਆਪਣੇ ਇਸ ਵਿਛੜੇ ਮਿੱਤਰ ਨੂੰ ਕਲ੍ਮੀ ਸਲਾਮ ਪੇਸ਼ ਕਰਦੇ ਹਾਂ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਕਾਮਾਗਾਟਾ ਮਾਰੂ ਕਾਂਡ ਦਾ
# ਸੱਜਰਾ ਗਵਾਹ

—ਸਵਰਨ ਸਿੰਘ ਸਨੇਹੀ, ਐਮ. ਏ.

ਕੇਂਦਰੀ ਸਰਕਾਰ ਵਲੋਂ ਪੰਜਾਬ ਹਰਿਆਣਾ ਉੱਚ ਨਿਆਇਆਲੇ ਵਿੱਚ ਦਾਇਰ ਕੀਤੇ ਆਪਣੇ ਹਲਫੀਆ ਬਿਆਨ ਵਿੱਚ ਕੂਕਾ ਲਹਿਰ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਦੇਸ਼ ਭਗਤ ਨਾ ਮੰਨਣ ਦੇ ਫਲਸਰੂਪ ਪਿਛਲੇ ਕੁਝ ਦਿਨਾਂ ਵਿੱਚ ਦੇਸ਼ ਭਗਤ ਵਿਅਕਤੀਆਂ ਅਤੇ ਹਲਕਿਆਂ ਵਿੱਚ ਇਹ ਦੋਵੇਂ ਘਟਨਾਵਾਂ ਚਰਚਾ ਦਾ ਵਿਸ਼ਾ ਬਣ ਗਈਆਂ ਹਨ। 'ਕਾਮਾਗਾਟਾ ਮਾਰੂ' ਉਸ ਜਾਪਾਨੀ ਸਮੁੰਦਰੀ ਜਹਾਜ਼ ਦਾ ਨਾਂ ਸੀ ਜਿਹੜਾ ਸਰਹਾਲੀ ਵਾਲੇ ਬਾਬਾ ਗੁਰਦਿਤ ਸਿੰਘ ਨੇ ਪੰਜਾਬੀ ਮੁਸਾਫਰਾਂ ਨੂੰ ਭਾਰਤ ਤੋਂ ਸਿਧੇ ਕੈਨੇਡਾ ਪਹੁੰਚਾਉਣ ਦੀ ਸਰਕਾਰੀ ਸ਼ਰਤ ਪੂਰੀ ਕਰਨ ਲਈ ਕਿਰਾਏ ਤੇ ਲਿਆ ਸੀ, ਪਰ ਜਿਸ ਦੇ ਮੁਸਾਫਰਾਂ ਨੂੰ ਅੰਗਰੇਜ਼ ਸਰਕਾਰ ਨੇ ਕੈਨੇਡਾ ਦੀ ਧਰਤੀ ਤੇ ਉਤਰਨ ਨਹੀਂ ਸੀ ਦਿਤਾ। ਸਗੋਂ ਸਾਗਰ ਵਿੱਚ ਘੇਰੀ ਰਖ ਕੇ ਅੰਤ ਭਾਰਤ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ ਸੀ ਤੇ ਜਿਸ ਦੇ ਕਲਕੱਤੇ ਪਹੁੰਚਣ ਤੋਂ ਪਹਿਲਾਂ ਹੀ ਇਸ ਦੇ ਮੁਸਾਫਰਾਂ ਦੇ ਸਰਕਾਰੀ 'ਸੁਆਗਤ' ਦਾ ਪੂਰਾ ਪ੍ਰਬੰਧ ਕਰ ਲਿਆ ਗਿਆ ਸੀ। ਇਸ ਪ੍ਰਬੰਧ ਅਧੀਨ ਜਹਾਜ ਦੇ ਨਿਹੱਥੇ, ਨਿਆਸਰੇ ਤੇ ਦੁਖਿਆਰੇ ਮੁਸਾਫਰ ਕਲਕੱਤੇ ਦੇ ਬਜ ਬਜ ਘਾਟ ਤੇ ਦਾਣਿਆਂ ਵਾਂਗ ਭੁੰਨ ਦਿਤੇ ਗਏ ਸਨ।

ਇਹ ਵੀ ਸ਼ਹੀਦੀ ਸਾਕਾ ਸੀ ਜਿਸ ਵਿੱਚ ਅਣਗਿਣਤ ਪੰਜਾਬੀ ਅੰਗਰੇਜ਼ ਦੇ ਜਬਰ ਦੇ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ। ਜਿਹੜੇ ਭੱਜ ਸਕੇ ਉਹ ਭੱਜ ਕੇ ਬਚ ਵੀ ਨਿਕਲੇ। ਜਹਾਜ਼ ਦੇ ਮਾਲਕ ਬਾਬਾ ਗੁਰਦਿਤ ਸਿੰਘ ਉਨ੍ਹਾਂ ਵਿੱਚ ਸ਼ਾਮਲ ਸਨ। ਇਸ ਹਿਰਦੇ ਵੇਧਕ ਦਰਦਨਾਕ ਸਾਕੇ ਦਾ ਚਸ਼ਮਦੀਦ ਗਵਾਹ ਤਾਂ ਸ਼ਾਇਦ ਕੋਈ ਨਹੀਂ ਸੀ, ਪਰ ਸੱਜਰਾ ਗਵਾਹ ਜ਼ਰੂਰ ਹੈ ਸੀ ਜਿਸ ਬਾਰੇ ਵੀ ਵਰਤਮਾਨ ਪੀੜ੍ਹੀ ਤਾਂ ਕੀ ਪਿਛਲੀ ਪੀੜ੍ਹੀ ਵਿਚੋਂ ਵੀ ਬਹੁਤ ਵਿਰਲੇ ਵਿਅਕਤੀ ਹੀ ਜਾਣਦੇ ਹੋਣਗੇ। ਇਹ ਸਨ ਉਸਤਾਦ ਗ਼ਦਰੀ ਕਵੀ ਸ੍ਰੀ ਮੁਨਸ਼ਾ ਸਿੰਘ ਜੀ 'ਦੁਖੀ'।

'ਦੁਖੀ' ਜੀ ਦੁਆਬੇ ਦੇ ਕਸਬੇ ਜੰਡਿਆਲਾ ਮੰਜਕੀ ਦੇ ਜੰਮਪਲ ਸਨ ਤੇ ਕਲਕੱਤੇ ਦੇ ਕਿਆਮ ਸਮੇਂ ਦੇਸ਼ ਭਗਤੀ ਦੀ ਰੰਗਣ ਵਿੱਚ ਰੰਗੇ ਗਏ ਸਨ, ਪਰ ਹੋਰਨਾਂ ਸਮਕਾਲੀ ਪੰਜਾਬੀਆਂ ਵਾਂਗ ਰੁਜ਼ਗਾਰ ਦੀ ਭਾਲ ਵਿੱਚ ੧੯੧੨ ਵਿੱਚ ਕੈਨੇਡਾ ਪੁਜੇ ਤੇ ਫਿਰ ਅਮਰੀਕਾ ਵਿੱਚ ਸਥਾਪਤ ਹੋਈ ਗ਼ਦਰ ਪਾਰਟੀ ਵਿੱਚ ਜਾ ਸਰਗਰਮ ਹੋਏ। ਜਦੋਂ 'ਕਾਮਾਗਾਟਾ ਮਾਰੂ' ਕੈਨੇਡਾ ਸਮੁੰਦਰ ਵਿਚ ਸਰਕਾਰੀ ਜਬਰ ਦਾ ਸ਼ਿਕਾਰ ਸੀ ਤਦ ਆਪ ਉਸ ਦੇ ਮੁਸਾਫਰਾਂ ਦੀ ਸਹਾਇਤਾ ਲਈ ਜਤਨਸ਼ੀਲ ਰਹੇ। ਮਜਬੂਰੀ ਅਧੀਨ ਅੰਤ 'ਕਾਮਾਗਾਟਾ ਮਾਰੂ' ਵਤਨ ਵਾਪਸੀ ਦੇ ਰਸਤੇ ਪੈ ਚੁਕਾ ਸੀ।

ਗ਼ਦਰ ਪਾਰਟੀ ਵਲੋਂ ਮਿਲੇ ਆਦੇਸ਼ ਅਨੁਸਾਰ ਦੇਸ਼ ਵਿੱਚ ਗ਼ਦਰ ਕਰਨ ਦੇ ਵਿਚਾਰ ਨਾਲ 'ਦੁਖੀ' ਜੀ 'ਐਂਪ੍ਰੈਸ ਆਫ ਰਸ਼ੀਆ' ਨਾਂ ਦੇ ਜਹਾਜ਼ ਵਿੱਚ 'ਬਾਬੂ' ਨਾਂ ਅਧੀਨ ੬ ਅਗਸਤ ੧੯੧੪ ਨੂੰ ਵਤਨ ਵਾਪਸੀ ਤੇ ਰਵਾਨਾ ਹੋਏ। 'ਕਾਮਾਗਾਟਾ ਮਾਰੂ' ਤੋਂ ਪਿਛੋਂ ਹਿੰਦ ਨੂੰ ਤੁਰਨ ਵਾਲਾ ਇਹ ਪਹਿਲਾ ਜਹਾਜ਼ ਸੀ। ਸਮੁੰਦਰੀ ਸਫਰ ਦੇ ਦੌਰਾਨ ਆਪ ਨੇ ਛੇ ਦਿਨਾਂ ਵਿੱਚ ਵੀਹ ਕੁ ਸਫਿਆਂ ਦੀ ਇਕ ਕਵਿਤਾ ਲਿਖੀ 'ਕਾਮਾਗਾਟਾ ਮਾਰੂ ਦੇ ਪਸੰਜਰ' ਜਿਸ ਵਿੱਚ ਇਸ ਮੰਦਭਾਗੇ ਜਹਾਜ਼ ਦੇ ਮੁਸਾਫਰਾਂ ਨਾਲ ਸਰਕਾਰ ਵਲੋਂ ਕੀਤੇ ਗਏ ਅਨਿਆਇ ਤੇ ਜਬਰ ਦੇ ਵਿਰੁਧ ਆਪ ਦੇ ਅੰਦਰ ਭੜਕੀ ਰੋਹ ਤੇ ਵਿਦਰੋਹ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ ਗਿਆ ਸੀ। 'ਦੁਖੀ' ਜੀ ਇਸ ਕਵਿਤਾ ਨੂੰ ਆਪਣੀ ਮਾਨਸਿਕ ਦਸ਼ਾ ਦਾ ਸੰਕੇਤਕ ਸਮਝਦੇ ਸਨ। ਇਹ ਕਵਿਤਾ ਗ਼ਦਰ ਆਸ਼੍ਰਮ ਅਮਰੀਕਾ ਨੇ ਛਾਪ ਕੇ ਵੰਡੀ ਸੀ ਪਰ ਹੁਣ ਨਾ ਹੀ ਇਹ ਮਿਲਦੀ ਤੇ ਨਾ ਹੀ 'ਹਾਰਡਿੰਗ ਡਾਕੂ'।

ਹਾਂਗਕਾਂਗ ਦੀ ਬੰਦਰਗਾਹ ਆ ਕੇ 'ਕਾਮਾਗਾਟਾ ਮਾਰੂ' ਤੇ 'ਐਂਪ੍ਰੈਸ ਆਫ ਰਸ਼ੀਆ' ਇਕਠੇ ਹੋ ਗਏ। 'ਦੁਖੀ' ਜੀ 'ਕਾਮਾਗਾਟਾ ਮਾਰੂ' ਵਿੱਚ ਗਏ। ਉਥੇ ਆਪ ਨੇ ਇਕ ਭਰਵੀਂ ਤਕਰੀਰ ਕੀਤੀ। ਉਹ ਦੱਸਿਆ ਕਰਦੇ ਸਨ ਕਿ ਜਹਾਜ਼ ਦੇ ਮੁਸਾਫਰ ਤੇ ਇਹ ਆਪੋ ਵਿੱਚ ਮਿਹਣੇ ਕੁਮੇਹਣੇ ਵੀ ਹੋਏ। ਆਪਣੇ ਕੋਲ ਵਾਲੇ, ਗ਼ਦਰ ਆਸ਼੍ਰਮ ਨੂੰ ਭੇਜੇ ਜਾਣ ਵਾਲੇ ਜ਼ਰੂਰੀ ਕਾਗਜ਼ ਪੱਤਰ ਆਪ ਨੇ ਇਥੇ ਹੀ ਬਾਬਾ ਗੁਰਦਿਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਕੋਣੀ ਦੇ ਹਵਾਲੇ ਕੀਤੇ ਸਨ।



Namdhari Elibrary NamdhariElibrary@gmail.com

'ਦੁਖੀ' ਜੀ ਇਥੋਂ ਜਹਾਜ਼ ਬਦਲ ਕੇ ਅਗਲੇ ਸਫਰ ਤੇ ਤੁਰ ਪਏ। ਇਹ ਜਹਾਜ਼ 'ਕਾਮਾਗਾਟਾ ਮਾਰੂ' ਤੋਂ ਪਹਿਲਾਂ ਹੀ ੧੪ ਸਤੰਬਰ ੧੯੧੪ ਨੂੰ ਕਲਕੱਤੇ ਆ ਪੁਜਾ। ਇਨ੍ਹਾਂ ਦੇ ਸੁਆਗਤ ਲਈ ਵੀ ਪੁਲਸ ਦਾ ਇਨਸਪੈਕਟਰ ਸੁਖਾ ਸਿੰਘ ਅਗੇ ਪੁਜਾ ਹੋਇਆ ਸੀ ਪਰ ਉਥੋਂ ਸੁਦਾਈਆਂ ਵਾਲੀ ਨਾਟਕਕਾਰੀ ਆਸਰੇ ਆਪ ਬਚ ਨਿਕਲ ਕੇ ਆਪਣੇ ਭਰਾਵਾਂ ਕੋਲ ਕਲਕੱਤੇ ਆ ਗਏ। 'ਕਾਮਾਗਾਟਾ ਮਾਰੂ' ੨੯ ਸਤੰਬਰ ੧੯੧੪ ਨੂੰ ਕਲਕਤੇ ਆ ਪੁਜਾ। ਹਿੰਦ ਦੀ ਧਰਤੀ ਤੇ ਪੈਰ ਧਰਦਿਆਂ ਹੀ ਸੋਚੀ ਸਮਝੀ ਵਿਉਂਤ ਅਨੁਸਾਰ ਅੰਗਰੇਜ਼ਾਂ ਨੇ ਇਨ੍ਹਾਂ ਮੁਸਾਫਰਾਂ ਨੂੰ ਬਜ ਬਜ ਘਾਟ ਤੇ ਗੋਲੀਆਂ ਨਾਲ ਭੁੰਨ ਦਿੱਤਾ। 'ਦੁਖੀ' ਜੀ ਦਾ ਦਿਲ ਪਸੀਜਿਆ। ਆਪ ਨੇ ਬਜ ਬਜ ਘਾਟ ਪੁਜ ਕੇ ਸ਼ਹੀਦਾਂ ਦੇ ਸੱਜਰੇ ਖੂਨ ਦੇ ਦਰਸ਼ਨ ਕੀਤੇ, ਉਸ ਥਾਂ ਨੂੰ ਪਵਿੱਤਰ ਮੰਨਦਿਆਂ ਨਮਸਕਾਰ ਕੀਤੀ। ਮੌਕਾ ਦੇਖ ਕੇ ਇਕ ਕਵੀ ਤੇ ਦੇਸ਼ਭਗਤ ਦਿਲ ਦਾ ਜੋ ਪ੍ਰਤੀਕਰਮ ਹੋਇਆ ਉਹ ਕਲਮਬੰਦ ਕੀਤਾ ਜਿਹੜਾ ਇਸ ਦਰਦਨਾਕ ਘਟਨਾ ਦਾ ਤਕਨੀਕੀ ਤੌਰ ਤੇ ਭਾਵੇਂ ਚਸ਼ਮਦੀਦੀ ਬਿਆਨ ਨਹੀਂ ਵੀ ਕਿਹਾ ਜਾ ਸਕਦਾ, ਪਰ ਕਿਸੇ ਗ਼ਦਰੀ ਤੇ ਦੇਸ਼ਭਗਤ ਕਵੀ ਵਲੋਂ ਘਟਨਾ ਸਥਾਨ ਤੇ ਪੁਜ ਕੇ ਲਿਖਿਆ ਸੱਜਰਾ ਬਿਆਨ ਜ਼ਰੂਰ ਕਿਹਾ ਜਾ ਸਕਦਾ ਹੈ ਜਿਸ ਕਿਸਮ ਦੀ ਕੋਈ ਹੋਰ ਲਿਖਤ ਅਜੇ ਤਕ ਸਾਡੀ ਨਜ਼ਰੇ ਨਹੀਂ ਚੜ੍ਹੀ।

'ਦੁਖੀ' ਜੀ ਦੀ ਗ੍ਰਿਫਤਾਰੀ ਤੇ ਮੌਤ ਦੀ ਸਜ਼ਾ ਤੋਂ ਬਚਣ ਦੀ ਰਾਮ ਕਹਾਣੀ ਲੰਬੀ ਹੈ। ਆਪਣੀ ਕਿਸਮ ਦੀ ਅਲੌਕਿਕ ਰਚਨਾ ਹੋਣ ਕਾਰਨ ਇਹ ਕਵਿਤਾ ਦੁਰਲੱਭ ਵਸਤੂ ਵੀ ਹੈ ਜਿਹੜੀ ਵਰਤਮਾਨ ਮਾਹੌਲ ਵਿੱਚ ਪਾਠਕਾਂ ਤੇ ਦੇਸ਼ ਭਗਤਾਂ ਨਾਲ ਸਾਂਝੀ ਕਰਦਿਆਂ ਅਸੀਂ ਪ੍ਰਸੰਨਤਾ ਅਨੁਭਵ ਕਰਦੇ ਹਾਂ :-

## ਬਜ ਬਜ ਘਾਟ

ਸੀਨਾ ਕੰਬਿਆ ਅਖੀਆਂ ਡੁਲ੍ਹ ਗਈਆਂ,
ਜਾਂ ਮੈਂ ਡਿਠੀ ਸ਼ਹੀਦਾਂ ਦੀ ਜਗ੍ਹਾ ਜਾ ਕੇ।
ਰੋਮ ਖੜ੍ਹੇ ਹੋਏ ਥਰ ਥਰ ਜਿਸਮ ਕੰਬਿਆ,
ਉਹ ਬਹਿਸ਼ਤਮਯ ਧਰਤਿ ਦਾ ਦਰਸ ਪਾ ਕੇ।
ਸੀਸ ਝੁਕਿਆ ਦੇਖ ਕੇ ਦਿਵਯ ਦਰਸ਼ਨ,
ਜਿਥੇ ਗਏ ਸ਼ਹੀਦੀ ਦਾ ਰੁੱਖ ਲਾ ਕੇ।
ਮੁੜ ਮੁੜ ਚੁੰਮਿਆਂ ਉਸ ਪਿਆਰੀ ਭੂਮ ਤਾਂਈਂ,
ਧੰਨ ਧੰਨ ਹੋਯਾ 'ਦੁਖੀ' ਸੀਸ ਨਯਾਕੇ।

❖❖❖

ਅਜੇ ਤੀਕ ਪੱਤਾ ਪੱਤਾ ਬੋਲਦਾ ਹੈ,
'ਸਾਨੂੰ ਖੂਨ ਪਾ ਕੇ ਕਿਨੇ ਸਿੰਜਿਆ ਸੀ।'
'ਏਥੇ ਧਰਮੀਆਂ ਕੌਮ ਦੇ ਆਸ਼ਕਾਂ ਨੂੰ,
ਪੈਰਾਂ ਤਲੇ ਦੇ ਪਾਪੀਆਂ ਮਿੰਜਿਆ ਸੀ।'
'ਦੇਸ਼ ਧਰਮ ਉਪਰ ਮਰ ਮੁੱਕਿਆਂ ਨੂੰ,
ਪਾਪੀ ਜ਼ਾਲਮਾਂ ਨੇ ਫੜ ਫੜ ਖਿੰਜਿਆ ਸੀ।
'ਕੀ ਕੀ ਦਸੀਏ ਕੌਮ ਦੇ ਹੀਰਿਆਂ ਨੂੰ,
ਏਸੇ ਜਗ੍ਹਾਂ ਤੂੰਬੇ ਵਾਂਗੂ ਪਿੰਜਿਆ ਸੀ।

❖❖❖

ਇੱਟਾਂ ਲਾਲ ਸ਼ਹੀਦਾਂ ਦੇ ਖੂਨ ਹੋਈਆਂ,
ਅਜੇ ਸੁੱਕਿਆ ਨਾ, ਲਿਸ਼ਕਾਂ ਮਾਰਦਾ ਏ।
ਸੱਚੇ ਖੂਨ ਦੇ ਵਗੇ ਦਰਿਆ ਜਿਥੇ,
ਅਜੇ ਤੀਕ ਸਾਗਰ ਠਾਠਾਂ ਮਾਰਦਾ ਏ।
ਅਜੇ ਤੀਕ ਨਿਸ਼ਾਨ ਹਨ ਗੋਲੀਆਂ ਦੇ,
ਜਿਥੇ ਹੱਥ ਖੁਲ੍ਹਾ ਸਿਤਮਗਾਰ ਦਾ ਏ।
ਇੱਟਾਂ ਟੁੱਟੀਆਂ ਫਾਟਕੀਂ ਛੇਕ ਹੋਏ,
ਦੱਸਣ ਹਾਲ ਜਿਵੂ ਹੋਯਾ ਯਾਰ ਦਾ ਏ।

❖❖❖

ਧਰਤਿ ਆਖਦੀ 'ਧਰਮ' ਦੇ ਝੁਲਸਣੇ ਨੂੰ,
ਏਥੇ ਜ਼ੁਲਮ ਲਾਟਾਂ ਇਕ ਦਿਨ ਬਲੀਆਂ ਸਨ।
ਏਸ ਜਗ੍ਹਾ ਨਿਰਦੋਸ਼ ਨਿਹੱਥਿਆਂ ਤੇ,
ਸਫਾਂ ਬੰਨ੍ਹ ਕੇ ਬਾਲੀਆਂ ਚੱਲੀਆਂ ਸਨ।
ਏਥੇ ਗੁਰ ਦੇ ਲਾਲ ਸ਼ਹੀਦ ਹੋਏ,
ਸੁਚੇ ਖੂਨ ਦੀਆਂ ਨਦੀਆਂ ਚੱਲੀਆਂ ਸਨ।
'ਏਹੀ ਜਗ੍ਹਾ ਜੇ ਜਿਸ ਜਗ੍ਹਾ ਦੇਸ਼ ਭਗਤਾਂ,
ਕੌਮ ਵਾਸਤੇ ਛਾਤੀਆਂ ਸੱਲੀਆਂ ਸਨ।'

❖❖❖

ਕੰਨਾਂ ਵਾਲਿਓ! ਸੁਣੋ ਪੁਕਾਰ ਜਾ ਕੇ,
'ਦੁਖੀ' ਦਰਦ ਭਰੀਆਂ ਵਾਜਾਂ ਔਂਦੀਆਂ ਨੇ।
ਤੜ ਤੜ ਗੋਲੀਆਂ ਦੀ ਕਾੜ ਕਾੜ ਵਿਚੋਂ,
ਧੁਨ 'ਵਾਹ ਵਾਹਗੁਰੂ' ਸੁਣੌਂਦੀਆਂ ਨੇ।
ਸੱਚੇ ਸ਼ੇਰ ਸ਼ਹੀਦਾਂ ਦੀਆਂ ਸ਼ਾਂਤ ਰੂਹਾਂ,
'ਸਤਿ ਸ੍ਰੀ ਅਕਾਲ' ਗਜੌਂਦੀਆਂ ਨੇ।
"ਕਿਵੂ 'ਦੇਸ਼' ਤੇ 'ਧਰਮ' ਤੇ ਮਰ ਮਿਟੀਦਾ,"
ਅਣਖ ਹੀਣਿਆਂ ਤਾਂਈਂ ਸਮਝੌਂਦੀਆਂ ਨੇ।
ਪ੍ਰੇਮ ਦਰਦ ਭਰੀਆਂ ਸ਼ੇਰ ਮਰਦ ਰੂਹਾਂ,


Namdhari Elibrary NamdhariElibrary@gmail.com

ਗੁਰੂ ਨਾਮ ਦਾ ਵਾਸਤਾ ਪੌਂਦੀਆਂ ਨੇ।
'ਵੀਰੋ! ਧਰਮ ਦੇ ਵਾਸਤੇ ਭੁਲਣਾ ਨਾ',
ਅਸਾਂ ਭੁਲਿਆਂ ਤਾਂਈਂ ਜਤਲੌਂਦੀਆਂ ਨੇ।
ਪ੍ਰੇਮ ਮੱਤੀਆਂ ਰੱਤੀਆਂ ਸਿਦਕ ਅੰਦਰ,
ਅਜੇ ਤੀਕ ਨਿਧੜਕ ਸੁਣੌਂਦੀਆਂ ਨੇ।
'ਤੇਰਾ ਜ਼ਾਲਮਾ! ਧਰਮ ਅਸਥਾਨ ਅੰਦਰ,
ਅਸੀਂ ਜ਼ਰਾ ਭੀ ਦਖਲ ਨਾ ਚੌਂਦੀਆਂ ਨੇ।

❖❖❖

ਭਾਗ ਹੀਣਿਓਂ! ਗਾਫਲੋ! ਹੋਸ਼ ਪਕੜੋ,
ਅਸੀਂ ਕਿਵੇਂ ਸ਼ਹੀਦਾਂ ਨੂੰ ਭੁਲ ਗਏ ਹਾਂ?
ਏਸੇ ਲਈ ਚੁਫੇਰਿਓਂ ਪੈਣ ਧੱਕੇ,
ਹੀਰੇ ਕੌਡੀਆਂ ਦੇ ਵੱਟੇ ਤੁਲ ਗਏ ਹਾਂ।
ਧਰਮੋ ਸੱਖਣੇ ਢੋਲ ਦੇ ਪੋਲ ਵਾਂਗੂ,
ਲਾਲਚ ਲੋਭ ਅੰਦਰ ਫਸ ਕੇ ਡੁਲ ਗਏ ਹਾਂ।
ਤਖਤ ਤਾਜ 'ਘੁੱਥਾ ਲਾਜ ਮਿਟ ਗਈ,
'ਦੁਖੀ' ਰੁਲਦੇ ਰੁਲਦੇ ਰੁਲ ਗਏ ਹਾਂ।

❖❖❖

ਉਠੋ! ਕਰੋ ਹਿੰਮਤ ਅਜੇ ਹਈ ਵੇਲਾ,
ਮਾਰੋ ਹੰਭਲਾ ਕੰਮ ਸਵਾਰ ਲਈਏ।
ਆਪੋ ਵਿਚਿ ਸਭ ਵੀਰ ਇਕ ਜਾਨ ਹੋ ਕੇ,
ਜਾਤੀ ਝਗੜਿਆਂ ਤਾਈਂ ਵਿਸਾਰ ਲਈਏ।
ਪਿਛੋਂ ਦੇਖ ਲਾਂਗੇ ਹੁਣ ਤਾਂ ਖਾਲਸਾ ਜੀ!
ਹਿੰਮਤ ਕਰੋ ਗੁਰਧਾਮ ਸੁਧਾਰ ਲਈਏ।
ਗੁਰੂ ਪੰਥ ਦੇ ਹੁਕਮ ਨੂੰ ਮੰਨ ਸਿਰ ਤੇ,
'ਦੁਖੀ' ਵੰਡ ਭਰਾਵਾਂ ਦਾ ਭਾਰ ਲਈਏ।

ਸੋਚਣ ਵਿਚਾਰਨ ਦੀ ਗੱਲ ਤਾਂ ਇਹ ਹੈ ਕਿ ਜੇ ਇਹ ਕਾਮਾਗਾਟਾ ਮਾਰੂ ਦੇ ਦਾਣਿਆਂ ਵਾਂਗ ਭੁੰਨੇ ਗਏ ਮੁਸਾਫਰ ਵੀ ਦੇਸ਼ ਭਗਤ ਨਹੀਂ ਤੇ ਤੋਪਾਂ ਅਗੇ ਉੱਡ ਕੇ ਵਿਸ਼ਵ ਵਿੱਚ ਮਿਸਾਲ ਕਾਇਮ ਕਰਨ ਵਾਲੇ ਨਾਮਧਾਰੀ ਵੀ ਦੇਸ਼ ਭਗਤ ਨਹੀਂ ਤਾਂ ਕੀ ਅੰਗਰੇਜ਼ਾਂ ਕੋਲੋਂ ਮੁਆਫੀਆਂ ਮੰਗ ਕੇ ਜੀਵਨਾਨੰਦ ਮਾਣਨ ਵਾਲੇ ਦੇਸ਼ ਭਗਤ ਅਖਵਾਉਣਗੇ?

*ਪਿੰਡ ਸ਼ਾਹਪੁਰ, ਫਿਲੌਰ*

## ਡਾ. ਅਮਰ ਭਾਰਤੀ ਜੀ ਦੀ ਮਿੱਠੀ ਯਾਦ ਵਿੱਚ ਕੁੱਝ ਸ਼ਰਧਾਂਜਲੀ ਸ਼ਬਦ

ਅੱਜ (੨੪ ਅਪਰੈਲ ੨੦੦੪) ਅਸੀਂ ਸਾਰੇ ਪਵਿੱਤਰ ਅਸਥਾਨ ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਇਕ ਖਾਸ ਸ਼ਖਸੀਅਤ ਦੀ ਯਾਦ ਵਿੱਚ ਇਕੱਤਰ ਹੋਏ ਹਾਂ। ਉਹ ਇਕ ਬਹੁਤ ਵੱਡੀ ਸ਼ਖ਼ਸੀਅਤ—ਡਾ. ਅਮਰ ਭਾਰਤੀ ਜਿਸਨੂੰ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਸ ਤਰ੍ਹਾਂ ਉਹਨਾਂ ਨੇ ਆਪਣਾ ਜੀਵਨ ਬੜੀ ਸੂਝ-ਬੂਝ ਅਤੇ ਸਭ ਨਾਲ ਪਿਆਰ ਕਰਦਿਆਂ ਬਤੀਤ ਕੀਤਾ। ਡਾ. ਅਮਰ ਭਾਰਤੀ ਜੀ ਸਾਡੇ ਨਾਮਧਾਰੀ ਪੰਥ ਵਿੱਚ ਇਕ ਬੜੇ ਉਚੇ ਵਿਦਵਾਨ ਸਨ। ਜਿਥੇ ਆਪ ਸਾਡੇ ਪੰਥ ਦੀ ਵੱਡਮੁੱਲੀ ਅਮਾਨਤ ਸਨ, ਉਥੇ ਸਤਿਗੁਰੂ ਜੀ ਦੇ ਬਚਨਾਂ ਮੁਤਾਬਕ ਆਪ ਸਾਰੇ ਭਾਰਤ ਦੀ ਵਿਰਾਸਤ ਵੀ ਸਨ।

ਦਾਸ ਬਚਪਨ ਵਿੱਚ ਆਪਣੇ ਪਿਤਾ ਸੇਠ ਖ਼ਜ਼ਾਨ ਸਿੰਘ ਜੀ ਇਨਸਾਫ਼ ਨਾਲ ਜਦੋਂ ਵੀ ਭਾਰਤ ਆਉਣਾ, ਤਾਂ ਜਿਥੇ ਆਪ ਦੇ ਵੱਡੇ ਭਰਾਤਾ ਸੰਤ ਮੰਗਲ ਸਿੰਘ ਲਾਇਲਪੁਰੀ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ, ਉਥੇ ਡਾ. ਅਮਰ ਭਾਰਤੀ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਮਿਲਦਾ ਸੀ।

ਇਹ ਬਚਪਨ ਤੋਂ ਚਲੀ ਆ ਰਹੀ ਮੇਲ-ਮਿਲਾਪ ਦੀ ਸਾਂਝ ਲਾਇਲਪੁਰੀ-ਭਾਰਤੀ ਪਰਿਵਾਰ ਨਾਲ ਸਦਾ ਬਣੀ ਰਹੀ। ਹੁਣ ਵੀ ਜਦੋਂ ਦਾਸ ਨੇ ਬੈਂਕਾਕ ਤੋਂ ਭਾਰਤ (ਦਿੱਲੀ) ਆਉਣਾ, ਤਾਂ ਭਾਰਤੀ ਜੀ ਦੇ ਪ੍ਰੇਮ ਪਿਆਰ ਸਦਕਾ ਸਭ ਤੋਂ ਜ਼ਰੂਰੀ ਕੰਮ ਉਹਨਾਂ ਦੇ ਦਰਸ਼ਨ ਕਰਨ ਦਾ ਹੁੰਦਾ ਅਤੇ ਭਾਰਤੀ ਜੀ ਨਾਲ ਘੰਟਿਆਂ ਬੱਧੀ ਵਿਚਾਰ ਵਟਾਂਦਰੇ ਕਰਦੇ ਰਹਿਣਾ। ਇਕ ਦਿਨ ਭਾਰਤੀ ਜੀ ਨੂੰ ਜਦ ਮੈਂ ਕਿਹਾ ਕਿ ਆਪ ਬਹੁਤ ਤਕੜੇ ਵਿਦਵਾਨ ਹੋ ਤਾਂ ਕਹਿਣ ਲੱਗੇ—ਤੁਸੀਂ ਸਾਨੂੰ ਏਨਾ ਉਚਾ ਕਿਉਂ ਚੁਕਦੇ ਹੋ? ਅੱਗੋਂ ਜਦ ਦਾਸ ਨੇ ਕਹਿਣਾ ਕਿ ਤੁਸੀਂ ਵਾਕਿਆ ਹੀ ਤਾਰੀਫ ਦੇ ਕਾਬਲ ਹੋ ਤਾਂ ਭਾਰਤੀ ਜੀ ਨੇ ਕਹਿਣਾ ਕਿ ਜਿਥੇ ਤੁਸੀਂ ਰੱਖਦੇ ਹੋ ਅਸੀਂ ਤੁਹਾਡੀ ਖੁਸ਼ੀ ਕਰਕੇ ਉਥੇ ਹੀ ਮੰਨ ਲੈਂਦੇ ਹਾਂ। ਅੱਜ ਉਹਨਾਂ ਦੇ ਵਿਦਵਤਾ ਭਰੇ ਮਿੱਠੇ ਬੋਲ ਸਾਨੂੰ ਚੇਤੇ ਆਉਂਦੇ ਹਨ। ਡਾ. ਅਮਰ ਭਾਰਤੀ ਜੀ ੧੪ ਅਪਰੈਲ, ੨੦੦੪ ਨੂੰ ਸ਼ਾਮ ੮.੧੫ ਵਜੇ ਸਾਥੋਂ ਵਿਛੜ ਗਏ। ਇਸ ਤਰ੍ਹਾ ਦੇ ਵਿਅਕਤੀ ਦਾ ਸਾਥੋਂ ਵਿਛੜ ਜਾਣਾ ਬੜਾ ਅਸਹਿ ਹੈ। ਮੇਰੀ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਹੈ ਕਿ ਡਾ. ਅਮਰ ਭਾਰਤੀ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਅਤੇ ਸਾਡੇ ਸਭ 'ਤੇ ਮਿਹਰ ਭਰਿਆ ਹੱਥ ਰੱਖਣ।

*—ਜਗਤਾਰ ਸਿੰਘ ਸਚਦੇਵ (ਸੇਠ)*
*ਬੈਂਕਾਕ (ਥਾਈਲੈਂਡ)*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

**Namdhari Sales**

10240/54, Library Road, Azad Market, Delhi-110006





Namdhari Elibrary NamdhariElibrary@gmail.com

# ਅਥੱਕ ਪਥਿਕ ਅਮਰ ਭਾਰਤੀ ਜੀ

*—ਗੁਰਬਚਨ ਸਿੰਘ ਨਾਮਧਾਰੀ, ਚੰਡੀਗੜ੍ਹ*

ਹੋਸ਼ ਸੰਭਾਲਦਿਆਂ ਹੀ, ਅਮਰ ਭਾਰਤੀ ਜੀ ਨੂੰ ਸੁਣਦਾ ਅਤੇ ਗਾਹੇ-ਬਗਾਹੇ ਵੇਖਦਾ ਭੀ ਆਇਆ ਹਾਂ। ਕਿਸੇ ਹੋਲੇ ਮੇਲੇ ਤੇ ਜਾਂ ਫਿਰ ਦਿੱਲੀ ਦੀ ਰੇਲ ਪੇਲ ਵਿਚ। ਜਦੋਂ ਵੀ ਵੇਖਿਆ, ਨਿਹਾਇਤ ਇਕੱਲਾ! ਤੁਰਦਾ ਫਿਰਦਾ ਜਿਵੇਂ ਆਪਣੇ ਆਪ ਨੂੰ ਲੱਭਦਾ-ਭਾਲਦਾ ਕੋਈ ਸਤਿਆਰਥੀ! ਮਾਇਕ ਸਮੱਰਥਾ ਤੋਂ ਬਗੈਰ ਸਾਹਿਤ ਦਾ ਸਿਰਜਣ ? ਕੈਸਾ ਹੱਠ ਯੋਗੀ! ਕੈਸੀ ਸਾਧਕ! ਪਿਆਰਾ ਸਿੰਘ ਦਾਤਾ ਦੇ ਸ਼ਬਦਾਂ ਵਿਚ ਆਟਾ ਗੁੰਨਣ ਲਈ- ਪਰਾਤ ਹੈ ਨਹੀਂ। ਦਾਲ ਤੇ ਸਬਜ਼ੀ- ਉਬਾਲਣ ਨੂੰ ਪਤੀਲੇ ਹੈ ਨਹੀਂ। ਕੜਛੀ ਨਹੀਂ, ਤਵਾ ਨਹੀਂ, ਵੇਲਣਾ ਨਹੀਂ, ਰੋਟੀ ਕਿਵੇਂ ਬਣੇਗੀ ? ਆਲੇ ਦੁਆਲੇ ਦੀ ਜਮਾਤੀ ਸਹਾਇਤਾ ਤੋਂ ਹੀਣ ਰਵਿੰਦਰ ਨਾਥ ਟੈਗੋਰ ਦੇ ਬੋਲ, ' ਏਕਲਾ ਚਲੋ ਰੇ' ਦਾ ਪਾਤਰ! ਅਨੰਤ ਯਾਤ੍ਰਾ ਦਾ ਪਥਿਕ! ਸਾਹਿਤ ਸਿਰਜਣਹਾਰ, ਸ਼ੁਨਯ ਤੋਂ ਸ੍ਰਿਸ਼ਟੀ ਰਚਣ ਵਾਲਾ ਇਹ ਸੁਹਣਾ ਭਾਰਤੀ ਅੱਜ ਅਮਰਤਵ ਵਿਚ ਲੀਨ ਹੋ ਗਿਆ।

ਉਮਰ ਵਿਚ ਮੈਥੋਂ 20-25 ਸਾਲ ਵੱਡੇ ਅਮਰ ਭਾਰਤੀ ਜੀ ਮੇਰੇ ਪਰਮ ਮਿੱਤਰ ਸਨ, ਇਹ ਕਹਿਣ ਵਿਚ ਮੈਨੂੰ ਗਰਵ ਹੈ। ਅਪ੍ਰੈਲ ੧੯੯੬ ਨੂੰ ਮਨਾਲੀ ਜਾਂਦੇ ਹੋਏ ਚੰਡੀਗੜ੍ਹ ਪੜਾਅ ਸਮੇਂ, ਸਾਡੀ ਝੁੱਗੀ ਨੂੰ ਭਾਗ ਲਾਏ। " ਬਈ , ਅੱਜ ਬੜਾ ਜੀਅ ਕਰਦਾ ਸੀ, ਤੁਹਾਨੂੰ ਮਿਲਣ ਤੇ ਹੁਣ ਆ ਗਿਆਂ, ਖਾਣਾ ਤਾਂ ਖਾ ਕੇ ਹੀ ਜਾਵਾਂਗਾ।" ਢਾਈ ਤਿੰਨ ਘੰਟੇ ਤਕ ਇਕਾਂਤ ਕਮਰੇ ਵਿਚ ਸਾਹਿਤ ਅਤੇ ਸਮਾਜ, ਧਰਮ ਅਤੇ ਕਰਮ ਕਾਂਡ, ਸਭਿਅਤਾ ਅਤੇ ਅਸਭਿਆਚਾਰ, ਯੋਗ ਅਤੇ ਸਾਧਨਾ ਹਰ ਵਿਸ਼ੇ ਨੂੰ ਬੜੀ ਹੋਸ਼ਿਆਰੀ ਨਾਲ ਮੈਂ ਛੂੰਹਦਾ ਗਿਆ ਅਤੇ ਅਮਰ ਭਾਰਤੀ ਜੀ ਚਰਚਾ ਨੂੰ ਵਿਸਤਾਰ ਦਿੰਦੇ ਰਹੇ। ਜੀਵਨ ਦੀਆਂ ਅਨੇਕਾਂ ਸ਼ੰਕਾਵਾਂ ਅਤੇ ਭਰਮ ਦੀਆਂ ਟਾਕੀਆਂ, ਉਡਦੀਆਂ ਰਹੀਆਂ। ਅਮਰ ਭਾਰਤੀ ਜੀ ਜਿਸ ਨਾਲ ਬੈਠਦੇ ਪੂਰੇ ਸਨੇਹ ਨਾਲ। ਗੱਲ ਕਰਦੇ ਤਾਂ ਪੂਰੀ ਚੇਤਨਾ ਨਾਲ, ਕੁੱਝ ਇਸ ਤਰ੍ਹਾਂ ਦੀ ਪ੍ਰਤੀਤੀ ਕਿ ਆਲਾ ਦੁਆਲਾ ਮਲਯਗਿਰੀ ਚੰਦਨ ਦੀ ਭਿਨੀ-ਭਿਨੀ ਮਹਿਕ ਨਾਲ ਸੁਆਸਿਤ ਹੋ ਜਾਂਦਾ।

ਸਾਲ ਕੁ ਪਹਿਲਾਂ ਬੱਚੇ ਆਸ਼ੀਸ਼ ਦੇ ਭੋਗ ਤੇ ਦਿੱਲੀ ਗਿਆ ਸਾਂ। ਆਸ ਸੀ, ਕੁੱਝ ਪਲ, ਅਮਰ ਭਾਰਤੀ ਜੀ ਦੀ ਸੋਹਬਤ ਦੇ ਜ਼ਰੂਰ ਮਿਲ ਜਾਣਗੇ। ਸ੍ਰ. ਕੰਵਲਜੀਤ ਸਿੰਘ ਹੁਰਾਂ ਦੇ ਘਰ ਤਿਲਕ ਨਗਰ ਮਿਲ ਪਏ। ਜੱਫੀ ਵਿਚ ਲੈਕੇ, ਤਨ ਮਨ ਦਾ ਪੋਰ-ਪੋਰ ਪਿਆਰ ਲਾਲ ਸਰਾਬੋਰ ਕਰ ਦਿੱਤਾ। ਮੇਰੇ ਨਾਲ ਗਏ ਸ੍ਰ. ਹਰਭਜਨ ਸਿੰਘ ਸਲੂਜਾ ਨੂੰ ਵੀ ਮੇਰੇ ਨਾਲ ਹੀ ਆਪਣੀ ਗੱਡੀ ਵਿਚ ਬਿਠਾ ਲਿਆ ਤੇ ਪਿਆਰ ਭਰੇ ਅਧਿਕਾਰ ਨਾਲ ਕਿਹਾ, ਤੁਸੀਂ ਹੁਣ ਮੇਰੇ ਨਾਲ ਹੀ ਰਹਿਣਾ ਹੈ। ਰਮੇਸ਼ ਨਗਰ ਗੁਰਦੁਆਰੇ ਲੰਗਰ ਵਾਲੇ ਪਾਸੇ ਮੰਜਾ ਡਾਹ ਕੇ ਨਾਲ ਹੀ ਬਿਠਾ ਲਿਆ ਤੇ ਬਚਨਾਮ੍ਰਿਤ ਦੀ ਫੁਹਾਰ ਸ਼ੁਰੂ ਕਰ ਦਿੱਤੀ। ਜਿਉਣ ਦੀ ਕਲਾ ਬਾਬਤ ਗੁਰੂ ਅਤੇ ਸਿੱਖ ਦੇ ਸੰਵੇਦਨਸ਼ੀਲ ਰਿਸ਼ਤਿਆਂ ਬਾਬਤ, ਗੁਰਬਾਣੀ-ਭਾਵਾਰਥ ਦੀ-ਮਿਠਾਸ ਬਾਬਤ! ਮੇਰੇ ਵਿਦਵਾਨ ਮਿੱਤਰ ਸੁਣਾਉਂਦੇ ਰਹੇ ਅਤੇ ਮੈਂ ਉਹ ਸਾਰੇ ਸੂਤਰ ਆਪਣੇ ਮਾਣਸ ਪਟਲ ਤੇ ਸਟੋਰ ਕਰੀ ਗਿਆ।

ਸ਼ਾਂਤੀ ਨਿਕੇਤਨ ਦੇ ਸ਼ਾਂਤ ਆਸ਼ਰਮ 'ਚ ਰਵਿੰਦਰ-ਸਾਹਿਤ ਚੋਂ ਪ੍ਰਾਣੀ ਅਤੇ ਪ੍ਰਮੇਸ਼ਰ ਦੇ ਰਿਸ਼ਤਿਆਂ ਨੂੰ ਭਾਲਦੇ ਹਿਮਾਲਾ ਦੇ ਦੁਰਗਮ ਪਹਾੜਾਂ ਵਿਚ ਦੁਰਲੱਭ ਖੋਜੀਆਂ ਦੇ ਸਹਿਵਾਸ 'ਚ ਪ੍ਰਵਿਰਤੀ ਅਤੇ ਨਿਵਰਤੀ ਦੇ ਗੁਝੇ ਭੇਦ ਸਿੱਖਦੇ, ਸੰਸਾਰ ਅਤੇ ਕਰਤਾਰ ਦੀ ਏਕਾਤਮਤਾ ਨੂੰ ਪ੍ਰਤੀਤ ਕਰਦੇ ਹੋਏ, ਅਮਰ ਭਾਰਤੀ ਜੀ ਨੇ ਹਰ ਵਿਸ਼ੇ ਤੇ ਲਿਖਿਆ, ਜੀਵਨ ਦੇ ਹਰ ਪੱਖ ਤੇ ਬੋਲੇ। ਕੁੰਡਲਿਣੀ ਯੋਗ 'ਤੇ ਲਿਖੇ ਹੋਏ ਉਹਨਾਂ ਦੇ ਅੱਖਰ, ਯੋਗ ਸਾਧਕਾਂ ਲਈ, ਪਾਤੰਜਲੀ ਦੇ ਯੋਗ-ਸੂਤਰ ਵਾਂਗ ਹਨ।

ਇਕ ਵਾਰ ਗੱਲਬਾਤ ਕਰਦਿਆਂ, ਅਮਰ ਭਾਰਤੀ ਜੀ ਅੱਗੇ ਦਿਲੀ ਖਵਾਇਸ਼ ਪ੍ਰਕਟ ਕੀਤੀ, "ਤੁਹਾਨੂੰ ਸਰਕਾਰ ਵਲੋਂ, ਸਾਹਿਤ ਸੰਸਥਾਵਾਂ ਵਲੋਂ ਕਈ ਵੇਰ, ਕਈ ਤਰ੍ਹਾਂ ਨਾਲ ਸਨਮਾਨਤ ਕੀਤਾ ਗਿਆ ਹੈ। ਪਰ ਤੁਹਾਡੀ ਅਸੀਮ ਸਾਹਿਤ ਸਾਧਨਾ ਲਈ ਬਹੁਤ ਕੁੱਝ ਲੋੜੀਂਦਾ ਹੈ।" ਮੇਰੀ ਇਸ ਗੱਲ ਤੇ ਭਾਰਤੀ ਜੀ, ਚਿਰ ਪ੍ਰੀਚਤ ਅੰਦਾਜ਼ ਵਿਚ ਮੁਸਕਰੌਂਦੇ ਹੋਏ ਪੰਕਤੀਆਂ ਗੁਣਗੁਣਾਈਆਂ, 'ਮੈਨੂੰ ਛੁਪੇ ਰਹਿਣ ਦੀ ਚਾਹ, ਛੁਪੇ ਟੁਰ ਜਾਣ ਦੀ।'

ਪੰਜਾਬੀ, ਬੰਗਲਾ, ਹਿੰਦੀ ਸਹਿਤ ਕਈ ਭਾਸ਼ਾਵਾਂ ਦੇ ਗਿਆਤਾ, ਕਈ ਸ਼ਬਦਕੋਸ਼ਾਂ ਦੇ ਧਨੀ, ਅਮਰ ਭਾਰਤੀ ਜੀ ਜਦੋਂ ਵੀ ਮਿਲੇ, ਕੋਈ ਵਿਅਕਤੀ ਨਹੀਂ, ਆਪਣੇ ਆਪ ਵਿਚ ਇਕ ਸੰਪੂਰਣ ਸੰਸਥਾ ਅਤੇ ਗਿਆਨ-ਪੁੰਜ ਲੱਗੇ।

ਮਨੋਵਿਗਿਆਨੀ, ਡਾਕਟਰ, ਲਿਖਾਰੀ, ਬੁਲਾਰੇ, ਚਿੰਤਕ, ਸਮਾਜ ਸੁਧਾਰਕ, ਜੀਵ ਪ੍ਰੇਮ ਦੇ ਪ੍ਰਚਾਰਕ, ਇਤਿਹਾਸਕਾਰ ਅਮਰ ਭਾਰਤੀ ਜੀ ਇਕ ਸਰਬ ਗੁਣ ਸੰਪੰਨ ਸ਼ਖਸ਼ੀਅਤ ਸਨ। ਉਹਨਾਂ ਦੀ ਦੇਹ ਦੇ ਅਵਸਾਨ ਦੇ ਨਾਲ ਹੀ ਸਾਹਿਤ ਸਾਧਨਾ



Namdhari Elibrary NamdhariElibrary@gmail.com

ਅਤੇ ਸਮਰਸਤਾ ਦੇ ਇਕ ਯੁੱਗ ਦਾ ਅਵਸਾਨ ਹੋ ਗਿਆ ਹੈ। ਦੇਹ ਕਰਕੇ ਉਹ ਸਾਡੇ ਵਿਚ ਨਹੀਂ ਰਹੇ, ਇਹ ਲਿਖਦਿਆਂ ਕਲਮ ਕੰਬਦੀ ਹੈ।

ਸੱਚਾਈ ਤਾਂ ਇਹ ਹੈ, ਅਮਰ ਭਾਰਤੀ ਜੀ ਸਦ ਜੀਵੰਤ ਹਨ, ਕਦੀ ਕੜਾਕੇ ਦਾ ਹਾਸਾ ਹੱਸਦਿਆਂ, ਕਦੀ ਗੰਭੀਰ ਮਸ਼ਵਰਾ ਦਿੰਦਿਆਂ, ਕਦੀ ਯੋਗ ਦੀਆਂ ਗੂੜ੍ਹੀਆਂ ਪਰਤਾਂ ਖੋਲ੍ਹਦਿਆਂ, ਕਦੀ ਸਾਹਿਤ ਦਾ ਨਵ-ਸਿਰਜਣ ਕਰਦਿਆਂ, ਉਹ ਸਦਾ ਮਹਿਸੂਸ ਕੀਤੇ ਜਾਣਗੇ। ਆਪਣੀਆਂ ਅਮਰ ਕ੍ਰਿਤੀਆਂ ਲਈ, ਸਾਹਿਤ ਦੇ ਨਿਸ਼ਕਾਮ ਸਿਰਜਨਹਾਰ ਦੇ ਰੂਪ ਵਿਚ, ਕਾਲ ਦੇ ਕਪਾਲ ਤੇ ਖੋਜੀ ਹੋਈ ਕਵਿਤਾ ਦੇ ਅਮਿੱਟ ਅੱਖਰ ਬਣ :

"ਮਾਨਾ ਕਿ ਮੰਜ਼ਿਲ ਦੂਰ ਹੈ ਲੇਕਿਨ
ਪਥ ਮੇਂ ਪਥਿਕ ਬਿਸ਼੍ਰਾਮ ਕੈਸਾ॥"

ਉਹ ਅਨੰਤ ਦਾ ਰਾਹੀ, ਅਥੱਕ ਪਥਿਕ ਤੁਰਦਾ ਰਿਹਾ। ਜੀਵਨ ਪ੍ਰਯੰਤ! ਤੁਰਦਿਆਂ-ਤੁਰਦਿਆਂ ..... ਦੂਰ ਕਿਤੇ, ਅੱਖਾਂ ਤੋਂ ਓਹਲੇ, ਗਗਨ ਮੰਡਲ ਤੋਂ ਪਰ੍ਹੇ ਜੀਵਦੇ ਦੀ ਪਹੁੰਚ ਤੋਂ ਬਾਹਰ ਪੁੱਜ ਗਏ। ਪਰ ਚਿੜੀਆਂ ਦੇ ਗੀਤ ਬਣ..... ਕਲਕਲ ਕਰਦੀ ਕਿਸੇ ਪਹਾੜੀ ਸਰਿਤਾ ਦਾ ਸੰਗੀਤ ਬਣ, ਦੂਰ ਕਿਸੇ ਘਾਟੀ ਦੇ ਸ਼ਿਵਾਲਯ ਦੀ ਘੰਟੀ ਬਣ ਜਨਮਾਨਸ ਵਿਚ ਖੜਕਦੇ ਰਹਿਣਗੇ, ਸ਼ਾਇਦ ਵਿਧਾਤਾ ਦੀ ਇਹੋ ਨਿਯਤੀ ਹੈ।

ਅਨੰਤ ਦੇ-ਯਾਤਰੂ ਦਾ ਵੰਦਨ!
ਉਸ ਅਥਕ-ਪਥਿਕ ਨੂੰ ਪ੍ਰਣਮ....।

## ਅਮਰ ਭਾਰਤੀ ਜੀ ਇਕ ਯਾਦ

*—ਜਗਤਾਰਜੀਤ ਸਿੰਘ*

ਅਮਰ ਭਾਰਤੀ ਜੀ ਨਾਲ ਜਾਣ-ਪਛਾਣ ਕਦੋਂ ਹੋਈ, ਹੁਣ ਚੇਤੇ ਦਾ ਹਿੱਸਾ ਨਹੀਂ। ਉਹ ਮੌਕਾ ਯਾਦ ਕਰਨ ਦੀ ਲੋੜ ਵੀ ਨਹੀਂ। ਲਗਦਾ ਹੈ ਕਿ ਪਹਿਲੀ ਮੁਲਾਕਾਤ ਵੀ ਆਖਰੀ ਮੁਲਾਕਾਤ ਜਿਹੀ ਹੀ ਹੋਵੇਗੀ। ਕਿਉਂਕਿ ਜਦ ਵੀ ਮਿਲੇ ਸਾਂਵੀ ਗੱਲਬਾਤ ਸਾਂਵੀ ਟੋਨ ਵਿੱਚ ਹੀ ਹੋਈ। ਕਦੇ ਅਜਿਹਾ ਨਹੀਂ ਹੋਇਆ ਕਿ ਆਪਣੀ ਗੱਲ ਕਹਿਣ ਲਈ ਦੋਹਾਂ ਵਿਚੋਂ ਕਿਸੇ ਇਕ ਨੂੰ ਆਪਣੀ ਆਵਾਜ਼ ਉੱਚੀ ਕਰਨੀ ਪਈ ਹੋਵੇ ਜਾਂ ਗੱਲ ਨੂੰ ਸਿਧ ਕਰਨ ਲਈ ਬਹਿਸ ਦੇ ਗੇੜ ਵਿੱਚ ਪਏ ਹੋਈਏ। ਅਸੀਂ ਕਦੇ ਵੀ ਕੋਈ ਗੱਲ ਸਿਧ ਕਰਨ ਲਈ ਨਹੀਂ ਮਿਲੇ। ਸਹਿਜ ਸੁਭਾਅ ਹੋਣ ਵਾਲੀਆਂ ਗੱਲਾਂ ਦੇ ਵਿਸ਼ੇ ਵੀ ਸਹਿਜਤਾ ਨਾਲ ਬਦਲ ਜਾਂਦੇ ਸਨ ਜਿਵੇਂ ਚਲਦੀ ਰੇਲਗੱਡੀ ਦੇ ਥੱਲੇ ਵਿੱਛੀ ਲਾਈਨ ਆਪਣਾ ਰੁੱਖ ਬਦਲ ਲੈਂਦੀ ਹੈ।

ਚੇਤੇ ਦਾ ਹਿੱਸਾ ਹਨ ਤਾਂ ਉਹ ਵਿਅਕਤੀ/ਸ਼ਖ਼ਸੀਅਤਾਂ ਜਿਨ੍ਹਾਂ ਨੂੰ ਮੈਂ ਉਹਨਾਂ ਦੇ ਘਰ ਮਿਲਿਆ ਜਾਂ ਅਸੀਂ ਮਿਲ ਕੇ ਕੁਝ ਜਾਣਨ ਲਈ, ਹਾਲ-ਚਾਲ ਪੁੱਛਣ ਲਈ ਜਾਂ ਕਿਸੇ ਸਾਹਿਤ-ਚਰਚਾ ਵਿੱਚ ਸ਼ਾਮਲ ਹੋਣ ਲਈ ਉਹਨਾਂ ਦੇ ਘਰ ਜਾਂਦੇ ਰਹੇ। ਆਪਸੀ ਮੇਲ-ਜੋਲ ਦਾ ਇਹ ਦਾਇਰਾ ਕਿਸੇ ਲਈ ਨਿੱਕਾ ਹੋ ਸਕਦਾ ਹੈ, ਪਰ ਸਾਡੇ ਲਈ ਸਦਾ ਮਹੱਤਵਪੂਰਨ ਰਿਹਾ। ਇਸ ਵੇਲੇ ਸਾਹਿਤਕਾਰਾਂ, ਪੇਂਟਰਾਂ, ਸੰਗੀਤਕਾਰਾਂ ਨਾਲ ਹੋਈ ਬਾਤਚੀਤ ਨੇ ਕਈ ਪ੍ਰਸੰਗਾਂ ਨੂੰ ਛੋਹਿਆ। ਉਸ ਵੇਲੇ ਵੀ ਸਾਰਾ ਮਾਹੌਲ ਸੁਖਾਵਾਂ, ਸਰਸ ਅਤੇ ਗਿਆਨ ਭਰਪੂਰ ਬਣਿਆ ਰਹਿੰਦਾ ਸੀ।

ਇਕ ਵਿਸ਼ੇਸ਼ ਪ੍ਰਭਾਵ ਇਹੋ ਹੈ ਕਿ ਇਕੱਲ ਭਾਰਤੀ ਜੀ ਨੂੰ ਖੂਬ ਸੁਹਾਂਦੀ ਸੀ। ਇਹ ਕੁਝ ਪਲਾਂ ਤੋਂ ਲੈ ਕੇ ਦਿਨਾਂ ਤਕ ਲੰਮੀ ਹੋ ਸਕਦੀ ਸੀ। ਭੀੜ ਵਿੱਚ ਵਿਅਕਤੀ ਗੁਆਚ ਜਾਂਦਾ ਹੈ। ਇਹ ਵੀ ਸੱਚ ਹੈ ਕਿ ਪਸਰੀ ਭੀੜ ਵਿੱਚ ਵਿਅਕਤੀ ਖੁਦ ਨੂੰ ਵਿਖਾ ਕੇ ਅਤੇ ਦੂਜਿਆਂ ਨੂੰ ਵੇਖ ਕੇ ਆਪਣੇ ਹੋਣ ਦਾ ਸੁਖ-ਰਸ ਲੈਂਦਾ ਹੈ, ਪਰ ਇਹੋ ਜਿਹੇ ਵੇਲੇ ਉਹ ਕਦੇ ਵੀ ਆਪਣੇ ਕਰੀਬ ਨਹੀਂ ਹੋ ਸਕਦਾ। ਆਪਣੇ ਕੋਲ ਹੋ ਕੇ ਰਹਿਣਾ ਆਪੇ ਦੀ ਪਛਾਣ ਕਰਨਾ ਹੈ। ਇਹ ਕੰਮ ਕਹਿਣ ਜਿੰਨਾ ਆਸਾਨ ਨਹੀਂ।

ਭਾਰਤੀ ਅਧਿਆਤਮ ਚਿੰਤਨ ਵਿੱਚ ਵਿਅਕਤੀ ਨੂੰ ਆਪਣੇ ਕੋਲ ਰਹਿਣ/ਹੋਣ ਦੀ ਅਵਸਥਾ ਨੂੰ ਸਰਵੋਤਮ ਮੰਨਿਆ ਗਿਆ ਹੈ। ਰੱਬ ਨੂੰ ਮਿਲਣ ਅਤੇ ਕਿਸੇ ਵੀ ਸਿਰਜਣਾ ਦੇ ਯੋਗ ਹੋਣ ਲਈ ਇਹ ਉਸ ਮਾਰਗ ਵਲ ਚੁਕਿਆ ਪਹਿਲਾ ਕਦਮ ਹੈ।

ਅਮਰ ਭਾਰਤੀ ਜੀ ਸਾਧਕ ਵੀ ਸਨ ਜਿਨ੍ਹਾਂ ਨੂੰ ਯੋਗ-ਵਿਦਿਆ ਦਾ ਖਾਸਾ ਗਿਆਨ ਸੀ। ਕਹਿ ਸਕਦੇ ਹਾਂ ਕਿ ਉਹ ਯੋਗ ਦੇ ਅੱਖਰੀ ਗਿਆਨ ਅਤੇ ਅੰਤਰਿਕ ਸਾਧਨਾ ਦਾ ਸੁਮੇਲ ਸਨ। ਅੱਜ ਦੇ ਵੇਲੇ ਇਹੋ ਜਿਹਾ ਵਿਅਕਤੀ 'ਵਿਰਲਾ' ਹੀ ਮਿਲਦਾ ਹੈ।

ਯੋਗ ਵਿਦਿਆ ਜਾਂ ਸਾਧਨਾ ਪੱਖ ਉੱਪਰ ਜਦ ਵੀ ਗੱਲਬਾਤ ਹੋਈ ਉਹਨਾਂ ਨੇ ਸਰਲ-ਸੰਖੇਪ ਢੰਗ ਨਾਲ ਆਪਣੇ ਵਿਚਾਰ ਕਹੇ। ਆਮ ਵਿਅਕਤੀ ਲਈ ਸੁਣਨ ਅਤੇ ਕਰਨ ਵਿੱਚ ਫ਼ਰਕ ਨਿਰੰਤਰ ਬਣਿਆ ਰਹਿੰਦਾ ਹੈ। ਕਿਉਂਕਿ 'ਕਰਨ' ਲਈ ਵਿਅਕਤੀ ਨੂੰ ਆਪਣੇ ਕੋਲ ਆਉਣ ਦੀ ਲੋੜ ਹੈ। ਅਸੀਂ ਦੁਨਿਆਵੀ ਕੰਮ-ਕਾਰ ਵਿੱਚ ਇਸ ਕਦਰ ਰੁੱਝੇ ਹੋਏ ਹਾਂ ਕਿ ਸੁਣਨ/ਪੜ੍ਹਨ ਅਤੇ ਕਰਨ ਵਿੱਚ ਸਮਤੋਲ ਨਹੀਂ ਲਿਆ ਸਕਦੇ। ਉਹਨਾਂ ਦੇ ਕਿਰਦਾਰ ਦਾ ਇਕ ਹੋਰ ਪਾਸਾਰ ਹੈ ਉਹਨਾਂ ਦੀ ਸਾਹਿਤ ਜਗਤ ਨਾਲ ਸਾਂਝ। ਇਹ ਵੀ ਆਪਣੇ ਕਿਸਮ ਦੀ ਰਹੀ ਹੈ। ਉਹਨਾਂ ਪੰਜਾਬੀ ਭਾਸ਼ਾ ਦੇ ਇਲਾਵਾ ਬੰਗਲਾ ਭਾਸ਼ਾ ਨਾਲ ਸਾਂਝ ਪਾਈ। ਭਾਸ਼ਾ-ਸਾਂਝ ਉਹਨਾਂ ਨੂੰ ਸ਼ਾਂਤੀ ਨਿਕੇਤਨ ਲੈ ਗਈ। ਸ਼ਾਂਤੀ ਨਿਕੇਤਨ ਦੇ ਆਪਣੇ



Namdhari Elibrary NamdhariElibrary@gmail.com

ਪੜਾਅ ਦੇ ਅਨੁਭਵਾਂ ਨੂੰ "ਮੈਂ ਅਜੇ ਵਾਪਸ ਨਹੀਂ ਆਇਆ" ਕਿਤਾਬ ਵਿੱਚ, ਵਰ੍ਹਿਆਂ ਦੀ ਵਿੱਥ ਬਾਅਦ, ਦਰਜ ਕੀਤਾ। ਉਸ ਵੇਲੇ ਉਹ ਕਿਸ ਕਿਸ ਸਾਹਿਤਕਾਰ, ਚਿੱਤਰਕਾਰ, ਮੂਰਤੀਕਾਰ ਨੂੰ ਮਿਲੇ ਅਤੇ ਉਹਨਾਂ ਨਾਲ ਹੋਈ ਗੱਲਬਾਤ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਹ ਜਾਣਕਾਰੀ ਭਰਪੂਰ ਕਿਤਾਬ ਹੈ ਕਿ ਕਿਵੇਂ ਇਕ ਪੰਜਾਬੀ ਬੰਗਾਲੀਆਂ ਵਿੱਚ ਵਿਚਰਦਾ ਹੈ ਅਤੇ ਇਕੋ ਸਮੇਂ ਉਹਨਾਂ ਦੀ ਨਫ਼ਰਤ ਅਤੇ ਪਿਆਰ ਦਾ ਪਾਤਰ ਬਣਦਾ ਹੈ।

ਉਹਨਾਂ ਦੇ ਨਿਜੀ ਅਨੁਭਵਾਂ ਵਿੱਚ ਥੋੜ੍ਹਾ ਬਹੁਤ ਕੁਸੈਲਾਪਣ ਹੋ ਸਕਦਾ ਹੈ, ਪਰ ਉਹਨਾਂ ਨੇ ਬੰਗਲਾ ਸਾਹਿਤ ਦਾ ਰਸ ਪੰਜਾਬੀ ਪਾਠਕ ਤਕ ਪੁੱਜਦਾ ਕਰਨ ਵਿੱਚ ਖਾਸੀ ਮਿਹਨਤ ਕੀਤੀ। ਇਸ ਤੋਂ ਬਾਅਦ ਇਹੋ ਜਿਹਾ, ਇਸ ਪੱਧਰ ਦਾ, ਹੋਰ ਜਤਨ ਫੇਰ ਨਹੀਂ ਹੋਇਆ। ਜੇ ਪਹਿਲੀ ਥਾਏਂ ਉਹ ਆਪਣੇ ਕਰੀਬ ਹੋ ਰਹੇ ਤਾਂ ਹੁਣ ਉਹ ਸਾਹਿਤ ਦੇ ਕਰੀਬ ਹੋ ਰਹੇ।

ਉਹ ਲੋਕਾਂ ਦੇ ਕਰੀਬ ਵੀ ਸਨ। ਇਸ ਦਾ ਉਦਾਹਰਣ ਉਹਨਾਂ ਦੇ ਕਿੱਤੇ ਵਿੱਚ ਲੁਕਿਆ ਹੋਇਆਂ ਹੈ ਜਿਸ ਨੂੰ ਉਹਨਾਂ ਨੇ ਬਾਅਦ ਵਿੱਚ ਛੱਡ ਦਿਤਾ ਸੀ ; ਕਿਉਂਕਿ ਸਰੀਰ ਅਤੇ ਚੇਤਾ ਸਾਥ ਨਹੀਂ ਦੇ ਰਿਹਾ ਸੀ। ਉਹ ਨਹੀਂ ਸੀ ਚਾਹੁੰਦੇ ਕਿ ਮਰੀਜ਼ ਦੇ ਰੋਗ ਦੀ ਗਲਤ ਪਛਾਣ ਹੋ ਜਾਵੇ ਅਤੇ ਫਿਰ ਗਲਤ ਦਵਾਈ ਦੇ ਹੋ ਜਾਵੇ।

ਉਹਨਾਂ ਹੋਮਿਓਪੈਥੀ ਦੀ ਦਵਾਈ ਦੇ ਕੇ ਅਨੇਕਾਂ ਨੇਕ ਸਰੀਰਾਂ ਨੂੰ ਰੋਗ ਮੁਕਤ ਕੀਤਾ। ਇਹ ਵੀ ਇਕ ਭਗਤੀ ਹੈ। ਜਿਵੇਂ ਸਿਮਰਨ ਵੇਲੇ ਇਕਾਗਰਤਾ ਚਾਹੀਦੀ ਹੈ ਉਸੇ ਤਰ੍ਹਾਂ ਰੋਗ ਦੀ ਸਹੀ ਪਛਾਣ ਲਈ ਮਨ ਦਾ ਇਕ ਚਿਤ ਹੋਣਾ ਜ਼ਰੂਰੀ ਹੈ। ਕਿਸੇ ਵੀ ਖਿੱਤੇ ਦੀ ਸਿਖਰ ਵਲ ਜੇ ਤੁਰਨਾ ਹੈ ਤਾਂ ਕੁਝ ਨੇਮਾਂ ਦੀ ਪਾਲਣਾ ਕਰਨੀ ਹੀ ਪੈਂਦੀ ਹੈ। ਉਹਨਾਂ ਆਪਣੇ ਕਿੱਤੇ ਨੂੰ ਸ੍ਵੈ-ਹਿਤ ਲਈ ਨਹੀਂ ਬਲਕਿ ਪਰਹਿਤ ਲਈ ਵਰਤਿਆ। ਤਾਂ ਹੀ, ਜਦ ਦੇਖਿਆ ਕਿ ਹੁਣ ਪਰਹਿਤ ਨਹੀਂ ਹੋ ਸਕਦਾ ਤਾਂ ਹੋਮਿਓਪੈਥੀ ਦੇ ਕਿੱਤੇ ਦਾ ਤਿਆਗ 'ਸਹਜ ਭਾਵ' ਨਾਲ ਕਰ ਦਿਤਾ ਬਿਨਾਂ ਕਿਸੇ ਸ਼ਿਕਾਇਤ ਦੇ।

ਜਦ ਵਿਅਕਤੀ ਆਸ-ਪਾਸ ਹੁੰਦਾ ਹੈ ਤਾਂ ਉਸ ਦੀ ਸਹੀ ਪਛਾਣ ਵਿੱਚ ਕੁਤਾਹੀ ਹੁੰਦੀ ਰਹਿੰਦੀ ਹੈ ਜਾਂ ਪਛਾਣ ਕਰਨ ਵਾਲਾ ਖੁੰਝਦਾ ਰਹਿੰਦਾ ਹੈ। ਪਰ ਵਿਅਕਤੀ ਦੀ ਗ਼ੈਰਹਾਜ਼ਰੀ ਵੇਲੇ ਇਸ ਤਰ੍ਹਾਂ ਨਹੀਂ ਹੁੰਦਾ। ਉਸਦਾ ਨਾ ਹੋਣਾ ਉਸਦੀ 'ਪ੍ਰੇਜ਼ੰਸ' ਨੂੰ ਤੀਬਰ ਕਰ ਦੇਂਦਾ ਹੈ। ਉਸ ਦੀ ਗ਼ੈਰਹਾਜ਼ਰੀ ਹੀ ਉਸ ਦੇ ਹੋਣ ਦਾ ਕਾਰਣ ਬਣ ਜਾਂਦੀ ਹੈ ਅਤੇ ਲੰਮੇ ਸਮੇਂ ਤਕ ਬਣੀ ਰਹਿੰਦੀ ਹੈ। ਹੁਣ, ਅਸੀਂ ਇਸੇ ਇਹਸਾਸ ਥਾਣੀ ਗੁਜ਼ਰ ਰਹੇ ਹਾਂ।

*118 ਏ, ਪ੍ਰਤਾਪ ਨਗਰ*
*ਜੇਲ੍ਹ ਰੋਡ, ਨਵੀਂ ਦਿੱਲੀ-110064*

# ਜਲੰਧਰ ਵਿਚ ਵਿਦਿਅਕ ਜਥੇ ਦਾ ਸਮਾਗਮ

ਨਾਮਧਾਰੀ ਵਿਦਿਅਕ ਜਥਾ ਦੁਆਬਾ (ਪੁਰਸ਼ ਅਤੇ ਇਸਤਰੀ ਵਿਭਾਗ) ਵਲੋਂ ਇਕ ਮਿਲਵਾਂ ਗੁਰਮਤ ਸਿਖਲਾਈ ਸਮਾਗਮ ਨਾਮਧਾਰੀ ਧਰਮਸਾਲਾ ਬਸਤੀ ਬੂਰੇ ਖਾਂ ਪ੍ਰੀਤ ਨਗਰ, ਸੋਡਲ ਰੋਡ ਜਲੰਧਰ ਵਿਖੇ ੧੬ ਮਈ ੨੦੦੪ ਐਤਵਾਰ ਨੂੰ ਸਾਰਾ ਦਿਨ ਹੋਇਆ। ਕੇਂਦਰੀ ਪ੍ਰਧਾਨ ਸੂਬਾ ਬਲਵਿੰਦਰ ਸਿੰਘ, ਬੀਬੀ ਸੁਖਜੀਤ ਕੌਰ ਪ੍ਰਧਾਨ ਇਸਤਰੀ ਵਿੰਗ ਅਤੇ ਦੁਆਬੇ ਦੇ ਜਾਣੇ ਮਾਣੇ ਨੇਤਾ ਵੀ ਪੁੱਜੇ। ਸਥਾਨਕ ਜਥੇ ਵਲੋਂ ਇਕ ਅਖੰਡ ਪਾਠ ਵੀ ਪੂਰਨ ਵਿਧੀ ਅਨੁਸਾਰ ਕੀਤਾ ਗਿਆ ਅਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਹਰ ਉਮਰ ਦੇ ਮੈਂਬਰਾਂ, ਬੱਚਿਆਂ-ਬੱਚੀਆਂ, ਯੁਵਾ ਅਤੇ ਪ੍ਰੌਢ ਸਜਣਾਂ ਨੇ ਭਾਗ ਲਿਆ। ਕੀਰਤਨ ਰਾਗਾਂ ਅਨੁਸਾਰ, ਹੱਲੇ ਦੇ ਦੀਵਾਨ, ਵਖਿਆਨ ਕਵਿਤਾਵਾਂ ਦਾ ਅਟੁੱਟ ਸਿਲਸਿਲਾ ਚਲਦਾ ਰਿਹਾ। ਕਹਿਣ ਨੂੰ ਛੋਟਾ ਸਮਾਗਮ ਇਕ ਵੱਡੇ ਸਮਾਰੋਹ ਦਾ ਰੂਪ ਧਾਰ ਗਿਆ। ਉਚ ਪਾਏ ਦਾ ਸੰਗੀਤ, ਕੀਰਤਨ ਅਤੇ ਵਿਆਖਿਆਨ ਹੋਏ ਅਤੇ ਮਾਨ ਸਨਮਾਨ ਵੀ। ਜਲੰਧਰ ਦੇ ਵਿਦਿਅਕ ਜਥੇ ਨੇ ਜਲ ਪਾਣ, ਲੰਗਰ ਅਤੇ ਆਓ ਭਗਤ ਦਾ ਵਧੀਆ ਪ੍ਰਬੰਧ ਕੀਤਾ। ਸੰਤ ਸੁਰਜੀਤ ਸਿੰਘ ਪ੍ਰਧਾਨ ਅਤੇ ਹੋਰ ਨਾਮਧਾਰੀ ਸੰਗਤ ਨੇ ਭਰਵਾਂ ਸਹਿਯੋਗ ਦਿੱਤਾ।

— ਸੱਤ ਗੁਨਾਹ ਹਨ ਜਿਹੜੇ ਸਾਡੇ ਸਮਾਜ ਨੂੰ ਦੁਖੀ ਕਰਦੇ ਹਨ, ਬੇਅਸੂਲ ਰਾਜਨੀਤੀ, ਬਿਨਾ ਮਿਹਨਤ ਧਨ, ਜ਼ਮੀਰਹੀਣ ਖੁਸ਼ਹਾਲੀ, ਇਖਲਾਕ ਵਿਹੂਣਾ ਵਪਾਰ, ਮਾਨਵਤਾ ਹੀਣ ਵਿਗਿਆਨ ਅਤੇ ਕੁਰਬਾਨੀ ਰਹਿਤ ਪੂਜਾ-ਸ਼ਰਧਾ।

*—ਮਹਾਤਮਾ ਗਾਂਧੀ*

*ਡਾ. ਰਾਧਾ ਕ੍ਰਿਸ਼ਨਨ ਦੁਆਰਾ ਇਕ ਭਾਸ਼ਨ ਵਿਚੋਂ*
*ਹਵਾਲਾ ਟ੍ਰਿਬਿਊਨ-੧-੧੧-੬੩*

ਗਿਆਨੀ ਜਾਂ ਅੰਤਰ ਦ੍ਰਿਸ਼ਟੀ ਵਾਲੇ ਪੁਰਸ਼ ਨੇ ਆਪਣੇ ਆਪ ਨੂੰ ਜੀਵਨ ਤੇ ਮੌਤ ਦੇ ਡਰ ਦੇ ਬੰਧਨਾਂ ਤੋਂ ਸਮੇਂ ਤੇ ਸਥਾਨ ਦੇ ਵਿਚਾਰਾਂ ਤੋਂ ਅਤੇ ਕਾਲ ਤੇ ਦੇਸ਼ ਤੋਂ ਮੁਕਤ ਕਰ ਲਿਆ ਹੁੰਦਾ ਹੈ। ਸਰਬ ਸੰਸਾਰ ਨਾਲ ਉਸ ਦੀ ਆਤਮਾ ਇਕ-ਮਿੱਕ ਹੁੰਦੀ ਹੈ। ਸਾਰੀ ਸ੍ਰਿਸ਼ਟੀ ਪ੍ਰਤੀ ਉਹ ਬੇਹਦ ਉਦਾਰਤਾ ਤੇ ਪਿਆਰ ਰਖਦਾ ਹੈ।

*—ਡਾ. ਰਾਧਾ ਕ੍ਰਿਸ਼ਨਨ*

*'ਈਸਟਰਨ ਰੀਲੀਜਨਜ਼ ਐਂਡ ਵੈਸਟਰਨ ਥਾਟ'*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary

NamdhariElibrary@gmail.com

# ਡਾ: ਅਮਰ ਭਾਰਤੀ ਨਾਲ ਵਾਰਤਾਲਾਪ

*—ਜਗਦੀਸ਼ ਸਿੰਘ*

ਸਾਹਿਤ ਅਕਾਦਮੀ ਦਿੱਲੀ ਭਾਰਤ ਦੀ ਸਰਵਉਚ ਸਾਹਿਤਕ ਸੰਸਥਾ ਹੈ। ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਦੀਆਂ ਉਤਮ ਮੌਲਕ ਕ੍ਰਿਤਾਂ ਦੇ ਆਧਾਰ ਤੇ ਹਰ ਇਕ ਭਾਸ਼ਾ ਦੇ ਸਾਹਿਤਕਾਰ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਿੰਦੀ ਹੈ। ਕਈ ਵਾਰ ਇਹਨਾਂ ਇਨਾਮਾਂ ਤੇ ਵਾਦ-ਵਿਵਾਦ ਵੀ ਹੋ ਜਾਂਦਾ ਹੈ ਤੇ ਉਂਗਲੀ ਵੀ ਉਠਦੀ ਰਹੀ ਹੈ, ਫਿਰ ਵੀ ਇਹ ਸਨਮਾਨ, ਵੱਡੀ ਪ੍ਰਾਪਤੀ ਵਾਲੀ ਹੀ ਗੱਲ ਹੈ। ਸਾਲ ੧੯੯੦ ਵਾਸਤੇ ਮੌਲਕ ਕ੍ਰਿਤ ਵਾਸਤੇ ਪੰਜਾਬੀ ਦੀ ਕਵਿੱਤਰੀ ਮਨਜੀਤ ਟਿਵਾਣਾ ਨੂੰ ਇਹ ਸਾਹਿਤ ਅਕਾਦਮੀ ਪੁਰਸਕਾਰ ਦਿਤਾ ਗਿਆ ਹੈ। ਮੌਲਕ ਰਚਨਾਵਾਂ ਤੋਂ ਇਲਾਵਾ ਅਨੁਵਾਦ ਦੇ ਖੇਤਰ ਵਿੱਚ ਵੀ ਵੱਖ-ਵੱਖ ਭਾਸਾਵਾਂ ਦੇ ਵਿਦਵਾਨ ਚੁਣਕੇ ਪੁਰਸਕਾਰ ਦਿਤੇ ਜਾਂਦੇ ਹਨ। ਸਾਹਿਤ ਅਕਾਦਮੀ ਦੇ ਪੁਰਸਕਾਰਿਤ ਸਾਹਿਤਕਾਰਾਂ ਦੀ ਪਛਾਣ ਕੁਲ ਭਾਰਤ ਪਧਰ ਤੇ ਹੁੰਦੀ ਹੈ। ਇਹ ਗੱਲ ਵੀ ਸਭ ਨੂੰ ਪਤਾ ਹੈ ਕਿ ਸਾਲ ੧੯੯੦ ਲਈ ਅਨੁਵਾਦ ਦੇ ਖੇਤਰ ਵਿੱਚ ਇਕ ਪੁਰਸਕਾਰ ਡਾ: ਅਮਰ ਭਾਰਤੀ ਜੀ ਨੂੰ ਦੇਣ ਦਾ ਐਲਾਨ ਹੋਇਆ ਹੈ। ਅਮਰ ਭਾਰਤੀ ਜੀ ਦੀਆਂ ਪੁਸਤਕਾਂ "ਸਿੱਖ ਇਤਿਹਾਸ ਤੇ ਕੂਕੇ' ਅਤੇ "ਸਤਿਗੁਰ ਤਿਸ ਕਾ ਨਾਓਂ" ਉਹਨਾਂ ਦੇ ਡੂੰਘੇ ਚਿੰਤਨ, ਇਤਿਹਾਸ ਅਤੇ ਦਰਸ਼ਨ ਦੀ ਵਿਸ਼ਾਲ ਜਾਣਕਾਰੀ ਦੇ ਸਬੂਤ ਹਨ। "ਦੈਨਿਕ ਨਵਾਂ ਹਿੰਦੁਸਤਾਨ" ਦਿੱਲੀ ਵਿੱਚ ਛਪਦੇ ਉਹਨਾਂ ਦੇ ਸੰਪਾਦਕੀ ਪੂਰਵ ਪੰਜਾਬੀ ਸੂਬਾ ਕਾਲ ਵਿੱਚ ਉਹਨਾਂ ਦੀ ਵਰਤਮਾਨ ਪ੍ਰਸਥਿਤੀਆਂ ਦੀ ਠੀਕ ਸੂਝ ਕਾਰਨ ਮਾਰਗ ਦਰਸ਼ਨ ਦਾ ਕੰਮ ਦਿੰਦੇ ਰਹੇ ਹਨ। ਅਤੇ ਹੁਣ ਅਨੁਵਾਦ ਵਿੱਚ ਪੁਰਸਕਾਰ ਨਾਲ ਉਹਨਾਂ ਦੇ ਨਵੇਂ ਰੂਪ ਦੀ ਪਾਠਕਾਂ ਨਾਲ ਸਾਂਝ ਕਰਾ ਰਹੇ ਹਾਂ।

ਜਨਕਪੁਰੀ ਦਿੱਲੀ ਦੇ ਇਕ ਫਲੈਟ ਵਿੱਚ ਭਾਰਤੀ ਜੀ ਇਕੱਲੇ ਰਹਿੰਦੇ ਹਨ। ਸੰਪਾਦਕ ਵਰਿਆਮ ਤੇ ਸ੍ਰੀ ਪ੍ਰੀਤਮ ਸਿੰਘ ਕਵੀ ਉਹਨਾਂ ਨੂੰ ਪੁਰਸਕਾਰ ਦੀ ਵਧਾਈ ਦੇਣ ਗਏ ਤਾਂ ਉਹਨਾਂ ਦੀ ਛੋਟੀ ਜਿਹੀ ਵਾਟਿਕਾ ਵਿੱਚ ਧੁੱਪ ਸੇਕਦਿਆਂ ਉਹਨਾਂ ਦੇ ਅਨੁਵਾਦਕ ਰੂਪ ਦੀ ਚਰਚਾ ਚੱਲ ਪਈ। ਇਹ ਵਾਰਤਾਲਾਪ ਅਸੀਂ ਇਥੇ ਦੇ ਰਹੇ ਹਾਂ।

*—ਸੰਪਾਦਕ*

? ਭਾਰਤੀ ਜੀ ਤੁਹਾਨੂੰ ਸਾਹਿਤ ਅਕਾਦਮੀ ਵਲੋਂ ਅਨੁਵਾਦ ਦੇ ਖੇਤਰ ਵਿੱਚ ਸਾਲ ੧੯੯੦ ਲਈ ਪੁਰਸਕਾਰ ਵਾਸਤੇ ਚੁਣਿਆ ਗਿਆ ਹੈ। ਚੁਣਿਆ ਵੀ ਬੰਗਾਲੀ ਤੋਂ ਸਿਧੇ ਪੰਜਾਬੀ ਵਿੱਚ ਅਨੁਵਾਦ ਵਾਸਤੇ ਹੈ। ਤੁਸੀਂ ਇਸ ਪੁਰਸਕਾਰ ਦੀ ਪਿੱਠ ਭੂਮੀ ਦਸੋਗੇ ?

—ਇਹ ਇਨਾਮ ਮੈਨੂੰ "ਟੈਗੋਰ ਦੀਆਂ ਇੱਕੀ ਕਹਾਣੀਆਂ" ਪੁਸਤਕ ਦੇ ਆਧਾਰ ਤੇ ਦਿਤਾ ਗਿਆ ਹੈ। ਇਹ ਪੁਸਤਕ ਸਾਹਿਤ ਅਕਾਦਮੀ ਨੇ ਹੀ ਪ੍ਰਕਾਸ਼ਤ ਕੀਤੀ ਸੀ। ਟੈਗੋਰ ਦੀਆਂ ਵੱਖ-ਵੱਖ ਇੱਕੀ ਕਹਾਣੀਆਂ ਦਾ ਅਨੁਵਾਦ ਕਰਕੇ ਮੈਂ ਸੰਕਲਨ ਕੀਤਾ ਸੀ।

? ਬੰਗਾਲੀ ਤੋਂ ਪੰਜਾਬੀ ਵਿੱਚ ਤੁਸਾਂ ਹੋਰ ਕੀ ਕੁਝ ਅਨੁਵਾਦ ਕੀਤਾ ?

—ਇਸ ਤੋਂ ਪਹਿਲਾਂ ਸਾਹਿਤ ਅਕਾਦਮੀ ਲਈ ਦੋ ਨਾਵਲ ਅਨੁਵਾਦ ਕੀਤੇ ਸਨ 'ਗੋਰਾ' ਅਤੇ 'ਅੱਖ ਦੀ ਰੜਕ'। ਅੱਖ ਦੀ ਰੜਕ ਦਾ ਨਾਮ ਬੰਗਲਾ ਵਿੱਚ ਹੈ 'ਚੋਖੇਰ ਬਾਲੀ'।

? ਚੋਖੇਰ ਬਾਲੀ ਅਤੇ ਅੱਖ ਦੀ ਰੜਕ ਇਕ ਦੂਜੇ ਦੇ ਅਨੁਵਾਦ ਹੋਣਗੇ ?

—ਚੋਖੇਰ ਬਾਲੀ ਦਾ ਅਰਥ ਹੈ ਅੱਖ ਵਿੱਚ ਰੇਤ, ਰੇਤ ਨੂੰ ਬੰਗਾਲੀ ਵਿੱਚ ਬਾਲੀ ਕਹਿੰਦੇ ਹਨ। ਦੋ ਪੁਸਤਕਾਂ ਹੋਰ ਕੀਤੀਆਂ ਸੀ ਮੈਂ। ਇਕ ਵਿਭੂਤੀ ਭੂਸ਼ਨ ਬੰਧੋਉਪਾਧਿਆਏ ਦਾ ਨਾਵਲ ਸੀ 'ਬਨਵਾਸੀ' ਅਤੇ ਇਕ ਤਾਰਾ ਸ਼ੰਕਰ ਬੰਧੋਉਪਾਧਿਆਏ ਦਾ ਨਾਵਲ ਸੀ 'ਆਰੋਗ ਨਿਕੇਤਨ' ਅਤੇ 'ਬਨਵਾਸੀ' ਦਾ ਨਾਮ ਸੀ 'ਆਰਨਯੱਕ' ਭਾਵ ਬਨ ਵਿੱਚ ਰਹਿਣ ਵਾਲਾ।

ਨੈਸ਼ਨਲ ਬੁੱਕ ਟਰੱਸਟ ਵਾਸਤੇ ਤਾਰਾ ਸ਼ੰਕਰ ਦਾ ਨਾਵਲ 'ਕਵੀ' ਉਹ 'ਕਵੀ' ਨਾਮ ਤੇ ਹੀ ਛਪਿਆ ਸੀ।

ਇਸ ਤੋਂ ਪਹਿਲਾਂ ਬੰਕਮ ਚੰਦਰ ਚਟੋਪਾਧਿਆਏ ਦਾ ਨਾਵਲ 'ਕਪਾਲ ਕੁੰਡਲਾ' ਇਸੇ ਨਾਮ ਹੇਠ ਕੀਤਾ ਸੀ। ਬੰਕਮ ਚੰਦਰ ਦੇ ਦੋ ਹੋਰ ਨਾਵਲ 'ਦੇਵੀ ਚੌਧਰਾਣੀ' ਤੇ ਚੰਦਰ ਸ਼ੇਖਰ ਅਨੁਵਾਦ ਕੀਤੇ। 'ਦੇਵੀ ਚੌਧਰਾਣੀ' ਭਾਪਾ ਜੀ (ਨਵਯੁਗ ਪਬਲਿਸ਼ਰਜ਼) ਅਤੇ 'ਚੰਦਰ ਸ਼ੇਖਰ' ਭਾਸ਼ਾ ਵਿਭਾਗ ਪੰਜਾਬ ਨੇ ਪ੍ਰਕਾਸ਼ਿਤ ਕੀਤੇ ਸਨ। ਇਕ ਹੋਰ ਨਾਵਲ 'ਸਪਤਪਤੀ' ਤਾਰਾ ਚੰਦਰ ਬੈਨਰਜੀ ਦਾ ਭਾਪਾ ਜੀ ਨੇ ਛਾਪਿਆ ਸੀ। ਇਹ ਦਸ ਨਾਵਲ ਮੈਂ ਸਿਧੇ ਅਨੁਵਾਦ ਕੀਤੇ। ਇਕ ਟਾਲਸਟਾਏ ਦਾ ਨਾਵਲ 'ਮ੍ਰਿਗ ਤ੍ਰਿਸ਼ਨਾ' ਮੈਂ ਹਿੰਦੀ ਤੋਂ ਅਨੁਵਾਦ ਕੀਤਾ।



Namdhari Elibrary NamdhariElibrary@gmail.com

ਗਰੰਥ ਰੂਪ 'ਚ ਇਹ ਮੇਰੇ ਅਨੁਵਾਦ ਨੇ। ਕਹਾਣੀਆਂ ਲੇਖ ਬਥੇਰੇ ਨੇ ਜੋ ਰਸਾਲਿਆਂ 'ਚ ਛਪਦੇ ਰਹੇ ਪਹਿਲਾਂ ਪਹਿਲਾਂ। ਨਵਾਂ ਹਿਦੁਸਤਾਨ, ਜੀਵਨ ਬੇਬਈ, ਜੀਵਨ ਪ੍ਰੀਤੀ, ਜਾਗ੍ਰਿਤੀ, ਨਾਗਮਣੀ, ਆਰਸੀ ਵਿੱਚ ਬੰਗਲਾ ਚੀਜ਼ਾਂ ਦੇ ਅਨੁਵਾਦ ਛਪਦੇ ਹੀ ਰਹੇ ਨੇ। ਬੰਗਲਾ ਸਾਹਿਤ ਦੇ ਉਤੇ ਵੀ ਕੁਝ ਨਾ ਕੁਝ ਛਪਦਾ ਰਿਹਾ।

? ਤੁਹਾਡੀਆਂ ਮੌਲਿਕ ਰਚਨਾਵਾਂ ਵੀ ਹਨ ਉਹਨਾਂ ਤੇ ਜ਼ਰਾ ਆਪਣੇ ਮੂੰਹੋਂ ਚਾਨਣਾ ਪਾ ਦਿਓ ?

—ਪਹਿਲੀ ਪੁਸਤਕ ਸ਼ਾਂਤੀ ਨਿਕੇਤਨ ਬਾਰੇ ਹੈ। ਸੰਨ ੧੯੫੯ 'ਚ ਮੈਂ ਸ਼ਾਂਤੀ ਨਿਕੇਤਨ ਗਿਆ ਸਾਂ। ਮਕਸਦ ਸੀ ਉਸ ਵਾਯੂ-ਮੰਡਲ ਵਿੱਚ ਟੈਗੋਰ ਬਾਰੇ ਜਾਣਿਆ ਜਾਵੇ। ਉਸ ਸੰਸਕ੍ਰਿਤੀ ਦੀ ਗੱਲ ਟੈਗੋਰ ਦੇ ਮਨ ਵਿੱਚ ਬਹਿਕੇ ਲਿਖੀ ਜਾਵੇ। ਇਹ ਪੁਸਤਕ ਉਦੋਂ ਲਿਖੀ ਗਈ ਸੀ। ਇਸ ਤੋਂ ਇਲਾਵਾ ਸਿੱਖ ਇਤਿਹਾਸ ਤੇ ਕੂਕੇ, ਸ੍ਰੀ ਦਸ਼ਮੇਸ਼ ਨਦੇੜ ਪਿਛੋਂ ਅਤੇ ਸਤਿਗੁਰ ਤਿਸ ਕਾ ਨਾਓਂ ਇਹ ਮੇਰੀਆਂ ਮੌਲਿਕ ਪੁਸਤਕਾਂ ਹਨ।

? ਪਰ ਗ੍ਰੰਥਾਂ ਤੋਂ ਇਲਾਵਾ ਵੀ ਤੁਹਾਡਾ ਬਹੁਤ ਕੁਝ ਛਪਿਆ ਹੈ। ਖਾਸ ਕਰਕੇ ਯਾਤਰਾ ਲੇਖ ਵੀ ਤਾਂ ਮਸ਼ਹੂਰ ਹੋਏ ਹਨ ?

—ਯਾਤਰਾ ਲੇਖ 'ਨਵਾਂ ਹਿਦੁਸਤਾਨ' ਵਿੱਚ ਛਪਦੇ ਰਹੇ। ਸਤਿਗੁਰਾਂ ਨਾਲ (ਸਤਿਗੁਰੂ ਜਗਜੀਤ ਸਿੰਘ ਜੀ ਨਾਲ) ਜਾਂਦਾ ਰਿਹਾ ਹਾਂ। ਇਕ ਵਾਰ ਕੁਲੂ ਮਨਾਲੀ ਰਵਾਲਸਰ ਗਏ ਸੀ। ਉਹ ਯਾਤਰਾ ਲੇਖ ਮੈਂ ਲਿਖਿਆ ਸੀ "ਸੈਰ ਕੁਲੂ ਦੀ ਖੁਸ਼ਬੋ ਨਰਗਿਸ ਦੀ।" 'ਆਰਸੀ' ਅਤੇ ਸ਼ਤਾਬਦੀ ਨਿਊਜ਼ ਵਿੱਚ ਥਾਈਲੈਂਡ ਦੀ ਯਾਤਰਾ ਛਪੀ ਸੀ। ਆਰਸੀ ਵਿੱਚ ਹੀ 'ਖੀਰ ਗੰਗਾ ਦਾ ਯਾਤਰੀ' ਛਪਿਆ ਸੀ। ਇਹ ਮਨੀਕਰਨ ਤੋਂ ਪੰਦਰਾਂ ਮੀਲ ਉਪਰ ਮੈਂ ਗਿਆ ਸੀ ਉਸ ਬਾਰੇ ਸੀ। ਜਥੇਦਾਰ ਰਛਪਾਲ ਸਿੰਘ ਦਾ ਪਰਚਾ ਸੀ 'ਗਰਜ' ਓਹਦੇ ਵਿੱਚ ਵੀ ਰੋਹਤਾਂਗ ਪਾਸ ਦੀ ਯਾਤਰਾ ਛਪੀ ਸੀ। ਸ: ਸੋਭਾ ਸਿੰਘ ਹੋਰਾਂ ਕੋਲ ਤਾਂ ਮੈਂ ਢਾਈ ਤਿੰਨ ਮਹੀਨੇ ਰਿਹਾ ਸਾਂ। ਪਰੈਕਟਿਸ ਵੀ ਕਰਦਾ ਨਾਲੇ ਘੁੰਮਦਾ ਫਿਰਦਾ ਸਾਂ। ਉਥੋਂ ਮੈਨੂੰ ਸਤਿਗੁਰੂ ਜੀ ਲੈ ਆਏ ਸਨ। ਇਕ ਯਾਤਰਾ ਵਿੱਚ ਸਤਿਗੁਰਾਂ ਨਾਲ ਰੋਹਤਾਂਗ ਤੋਂ ਪਾਰ ਗਏ ਸੀ। ਨਵਾਂ ਹਿੰਦੁਸਤਾਨ ਵਿੱਚ ਛਪੀ ਪਰ ਪੂਰੀ ਨਹੀਂ, ਉਹ ਸੀ "ਮੜ੍ਹੀਓਂ ਪਰੇ ਸਵਰਗ ਧਾਮ"। ਸ਼ਾਂਤੀ ਨਿਕੇਤਨ ਦੀ ਯਾਤਰਾ ਸਮਦਰਸ਼ੀ ਵਿੱਚ ਛਪੀ। ਹੁਣੇ ਜਿਹੇ ਅਮਰਨਾਥ ਦੀ ਯਾਤਰਾ "ਵਰਿਆਮ" ਅਤੇ "ਅਜੀਤ" ਵਿੱਚ ਛਪੀ। ਲਦਾਖ ਯਾਤਰਾ ਸਮਦਰਸ਼ੀ ਅਤੇ 'ਅਜੀਤ' ਵਿੱਚ ਛਪੀ।

? ਤੁਹਾਡੀ ਬੰਗਲਾ ਭਾਸ਼ਾ ਨਾਲ ਸਾਂਝ ਕਿਵੇਂ ਪਈ ?

—ਪਹਿਲਾਂ ਸਾਂਝ ਬੰਗਲਾ ਸਾਹਿਤ ਅਤੇ ਬੰਗਾਲੀ ਲੇਖਕਾਂ ਨਾਲ ਸੀ। ਉਹ ਹਿੰਦੀ ਰਾਹੀਂ ਸੀ। ਬਚਪਨ ਤੋਂ ਹੀ ਟੈਗੋਰ ਨੂੰ ਪੜ੍ਹਿਆ ਸੀ। ਇਕ ਨਾਵਲ ਪੜ੍ਹਿਆ ਪੰਜਾਬੀ ਵਿਚ ਹੋਰ ਫੇਰ।ਅਸਲੀ ਨਾਮ 'ਨੌਕਾ ਡੂਬੀ'।ਫੇਰ ਸ਼ਰਤ ਚੰਦਰ ਦੇ ਨਾਵਲ ਪੜ੍ਹੇ, ਬੰਕਮ ਚੰਦਰ ਦੇ ਪੜ੍ਹੇ, ਇਵੇਂ ਲਗਾ ਕਿ ਬੰਗਲਾ ਭਾਸ਼ਾ ਮੈਨੂੰ ਵੀ ਆਉਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਇਕ ਹੋਰ ਕਾਰਨ ਵੀ ਸੀ। ਮੈਂ ਕੋਈ ੧੨-੧੩ ਸਾਲਾਂ ਦਾ ਸਾਂ। ਇਕ ਦਿਨ ਮੇਰੇ ਵੱਡੇ ਭਾਈ ਸੰਤ ਮੰਗਲ ਸਿੰਘ ਜੀ ਆਪਣੇ ਦੋਸਤ ਪੰਡਿਤ ਧਰਮਵੀਰ ਨੂੰ ਕਹਿ ਰਹੇ ਸਨ ਕਿ ਆਪਣੇ ਸਪੁਤਰ, ਮੇਰੇ ਭਤੀਜੇ ਮਨਧੀਰ ਨੂੰ ਸ਼ਾਂਤੀ ਨਿਕੇਤਨ ਪੜ੍ਹਨ ਲਈ ਭੇਜਣਾ ਚਾਹੁੰਦੇ ਹਨ। ਮੈਂ ਕੋਲ ਖੜ੍ਹਾ ਸਾਂ। ਯਤੀਮ ਜਿਹਾ ਹੁੰਦਾ ਸਾਂ ਜਿਵੇਂ ਸੇਵਾਦਾਰ ਹੁੰਦੇ ਨੇ। ਮੇਰੇ ਅੰਦਰ ਗੱਲ ਆ ਗਈ ਕਿ ਮੈਂ ਤਾਂ ਐਵੇਂ ਹੀ ਰਹਿ ਜਾਣਾ ਹੈ। ਮੇਰੇ ਅੰਦਰ ਇਹ ਗਲ ਪਲਦੀ ਰਹੀ। ਮੈਂ ਸੋਚਾਂ ਕਿ ਮੈਂ ਵੀ ਜੇ ਸ਼ਾਂਤੀ ਨਿਕੇਤਨ ਜਾ ਕੇ ਪੜ੍ਹਾਂ ਤਾਂ ਕਿੰਨਾ ਚੰਗਾ ਹੋਵੇ। ਦਿੱਲੀ ਆ ਕੇ ਸਰੋਜਨੀ ਨਗਰ ਹੁੰਦੇ ਸਾਂ। ਦੁਰਗਾ ਪੂਜਾ ਹਰ ਸਾਲ ਬੰਗਾਲੀਆਂ ਦੀ ਹੁੰਦੀ ਹੈ। ਉਹਦੇ ਤੇ ਡਰਾਮੇ ਫਿਲਮਾਂ ਵਗੈਰਾ ਓਹ ਕਰਦੇ ਨੇ। ਮੇਰੀ ਬੰਗਲਾ ਸਾਹਿਤ ਵਿੱਚ ਦਿਲਚਸਪੀ ਸੀ ਇਸ ਕਰਕੇ ਮੈਂ ਡਰਾਮਾ ਵੇਖਣ ਚਲਾ ਗਿਆ। ਇੰਟਰਵਲ ਤੱਕ ਵੇਖਿਆ। ਖਾਸ ਸਮਝ ਨਹੀਂ ਆਈ। ਇਕ ਬੰਗਾਲੀ ਨੂੰ ਮੈਂ ਪੁਛਿਆ ਕਿ ਜਿਹੜੀ ਮੋਟੀ ਮੋਟੀ ਕਹਾਣੀ ਹੋ ਗਈ ਹੈ ਉਹ ਮੈਨੂੰ ਦੱਸਦੇ। ਅਗਲੀ ਆਪੇ ਸਮਝ ਆ ਜਾਵੇਗੀ। ਉਹ ਰੁੱਖਾ ਜਿਹਾ ਬੋਲਿਆ ਅਖੇ "ਜਬ ਸਮਝ ਆਤੀ ਨਹੀਂ ਤੋਂ ਯਹਾਂ ਕਿਉਂ ਆਤੇ ਹੋ। ਮੈਂ ਸੋਚਿਆ ਚੰਗਾ ਹੁਣ ਮੈਂ ਆਵਾਂਗਾ ਤਾਂ ਬੰਗਲਾ ਸਿਖ ਕੇ ਹੀ। ਮੇਰੇ ਕੁਝ ਬੰਗਾਲੀ ਵਾਕਫ ਸਨ ਮੈਂ ਦੂਜੇ ਤੀਜੇ ਦਿਨ ੫ ਰੁਪਏ ਮਹੀਨੇ ਤੇ ਇਕ ਬੰਗਾਲੀ ਪਾਸੋਂ ਬੰਗਲਾ ਪੜ੍ਹਨੀ ਸ਼ੁਰੂ ਕਰ ਦਿਤੀ। ਪੰਜ ਰੁਪਏ ਦੇਣੇ ਵੀ ਔਖੇ ਸਨ। ਉਸਨੂੰ ਹਿੰਦੀ ਨਹੀਂ ਸੀ ਆਉਂਦੀ ਜ਼ਿਆਦਾ ਸਮਝਾ ਨਹੀਂ ਸੀ ਸਕਦਾ। ਮੈਂ ਤਿੰਨ ਕੁ ਮਹੀਨੇ ਉਸ ਕੋਲੋਂ ਜਿਵੇਂ ਕਿਵੇਂ ਪੜ੍ਹਿਆ ਅਤੇ ਮੈਨੂੰ ਬੰਗਲਾ ਦਾ ਅੱਖਰ ਗਿਆਨ ਹੋ ਗਿਆ। ਫੇਰ ਮੈਂ ਬੰਗਲਾ ਦਾ ਰੋਜ਼ਾਨਾ ਅਖਬਾਰ ਸਵਾਧੀਨਤਾ ਲੈਣਾ ਸ਼ੁਰੂ ਕਰ ਦਿਤਾ। ਪਾਲਿਟਿਕਸ ਨਾਲ ਦਿਲਚਸਪੀ ਸੀ। ਪੜ੍ਹਕੇ ਛੇਤੀ ਸਮਝ ਆ ਜਾਂਦੀ ਸੀ।

'ਸਵਾਧੀਨਤਾ' ਨਾਲ ਬੰਗਲਾ ਭਾਸ਼ਾ ਰਵਾਂ ਹੋ ਗਈ। ਫਿਰ ਮੈਂ ਅੰਮ੍ਰਿਤਸਰ ਪਿੰਡ ਖਾਪੜ ਖੇੜੀ ਚਲਾ ਗਿਆ। ਉਥੇ ਬੈਠ ਕੇ ਹੀ ਬੰਕਮ ਚੈਟਰਜੀ ਦਾ ਨਾਵਲ ਕਪਾਲ ਕੁੰਡਲਾ


Namdhari Elibrary NamdhariElibrary@gmail.com

ਤਰਜਮਾ ਕੀਤਾ। ਇਸ ਵਿੱਚ ਮੈਂ ਸ੍ਰੀ ਮੁਖਰਜੀ, ਮੁੱਖੀ ਇਤਿਹਾਸ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਦੀ ਮਦਦ ਵੀ ਲਈ। ਖਾਪੜ ਖੇੜੀ ਡੇਢ ਸਾਲ ਰਿਹਾ ਸਾਂ। ਸਤਿਜੁਗ ਦਾ ਗੁਰੂ ਗੋਬਿੰਦ ਸਿੰਘ ਅੰਕ ਛਪਵਾਣ ਲਈ ਸੰਤ ਮੰਗਲ ਸਿੰਘ ਲਾਇਲਪੁਰੀ ਮੇਰੇ ਕੋਲ ਆਏ ਸਨ। ਉਹ ਅੰਮ੍ਰਿਤਸਰ ਸੇਠੀ ਬ੍ਰਦਰਜ਼ ਕੋਲੋਂ ਛਪਵਾਇਆ ਸੀ। ਮੇਰੇ ਅਨੁਵਾਦ ਬਾਰੇ ਜਾਣ ਕੇ ਉਨ੍ਹਾਂ ਨੇ ਮੇਰੇ ਕੋਲੋਂ ਕਪਾਲ ਕੁੰਡਲਾ ਛਾਪਣ ਲਈ ਲੈ ਗਿਆ। ਸੌ ਰੁਪਿਆ ਮੇਹਨਤਾਨਾ ਵੀ ਦਿਤਾ ਤੇ ਨਾਵਲ ਛਾਪ ਲਿਆ।

? ਸਾਹਿਤ ਅਕਾਦਮੀ ਦੇ ਪੁਰਸਕਾਰ ਵਿੱਚ ਕੀ ਕੁਝ ਦਿਤਾ ਜਾਵੇਗਾ ?

—ਮੌਲਕ ਪੁਸਤਕ ਨੂੰ ੨੫੦੦੦ ਰੁਪਿਆ ਅਤੇ 'ਤਾਮਰ ਪੱਤਰ' ਅਨੁਵਾਦ ਨੂੰ ੧੦,੦੦੦ ਰੁਪਿਆ ਅਤੇ ਮਾਨ ਪੱਤਰ।

? ਹੋਰ ਮਾਨ ਸਨਮਾਨ ਕਿਹੜੀਆਂ ਸੰਸਥਾਵਾਂ ਵਲੋਂ ਮਿਲਿਆ ?

—ਸਾਹਿਤ ਸਮੀਖਿਆ ਬੋਰਡ ਜਲੰਧਰ, ਈਸ਼ਰ ਸਿੰਘ ਅਟਾਰੀ ਵਾਲੇ ਵਲੋਂ ਆਰੋਗ ਨਿਕੇਤਨ ਤੇ ਇਕ ਇਨਾਮ।

—ਬੰਗਲਾ ਭਾਸ਼ਾ ਵਾਲਿਆਂ ਵਲੋਂ ਹਰ ਸਾਲ ਇਕ ਸੰਮੇਲਨ ਬੰਗਾਲ ਤੋਂ ਬਾਹਰ ਹੁੰਦਾ ਹੈ ਨਿਖਿਲ ਭਾਰਤ ਬੰਗ ਸਾਹਿਤ ਸੰਮੇਲਨ। ਇਸ ਵਿੱਚ ਉਹਨਾਂ ਲੇਖਕਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਉਸ ਇਲਾਕੇ ਵਿੱਚ ਬੰਗਾਲ ਤੋਂ ਬਾਹਰ ਬੰਗਲਾ ਵਿੱਚ ਕੰਮ ਕੀਤਾ ਹੁੰਦਾ ਹੈ। ੨੬-੨੭-੨੮ ਦਸੰਬਰ ਸੰਨ ੧੯੭੯ ਬਵਿੰਜਵਾਂ ਸੰਮੇਲਨ ਦਿੱਲੀ ਵਿੱਚ ਹੋਇਆ ਸੀ। ਉਹਨਾਂ ਸਨਮਾਨ ਪੱਤਰ ਤੇ ੨੦੦੦ ਰੁਪਿਆ ਦਿਤਾ ਸੀ। ਇਸ ਦਾ ਨਾਮ ਦੇਸ਼ ਪੁਰਸਕਾਰ ਸੀ ਜੋ 'ਦੇਸ਼' ਨਾਮੀਂ ਪੱਤਰਕਾ ਵਲੋਂ ਹੁੰਦਾ ਹੈ। ਇਹ ਪੁਰਸਕਾਰ ੨੭ ਦਸੰਬਰ ੧੯੭੯ ਨੂੰ ਬੰਗਾਲ ਦੀ ਪ੍ਰਸਿਧ ਲੇਖਿਕਾ ਸ੍ਰੀਮਤੀ ਆਸ਼ਾ ਪੂਰਣਾ ਦੇਵੀ ਦੇ ਹੱਥੀਂ ਦਿਵਾਇਆ ਗਿਆ।

—ਇਕ ਗੋਲਡ ਮੇਡਲ ਬੰਗ ਭਾਸ਼ਾ ਪਰਸਾਰ ਸਮਿਤੀ ਵਲੋਂ ਮਿਲਿਆ ਸੀ। ਉਹ ਬੰਗਾਲੀ ਤ੍ਰੈਮਾਸਿਕ ਵੀ ਕਢਦੇ ਨੇ ਜਿਸ ਵਿੱਚ ਗੈਰ-ਬੰਗਾਲੀ ਲੇਖਕ ਲਿਖਦੇ ਨੇ।

? ਤੁਸੀਂ ਬੰਗਲਾ ਬੰਗਾਲ ਵਿੱਚ ਵੀ ਜਾ ਕੇ ਸਿਖੀ ਸੀ ?

—ਇਥੇ ਹੀ ਸਿਖੀ ਸੀ ਤੇ ਇਥੋਂ ਹੀ ਕੰਮ ਸ਼ੁਰੂ ਕਰ ਦਿਤਾ। ਬੰਗਾਲ ਵਿੱਚ ਤਾਂ ਸ਼ਾਂਤੀ ਨਿਕੇਤਨ ਵਿੱਚ ਗਿਆ ਸਾਂ।

? ਤੁਸੀਂ ਬੰਗਲਾ ਕਿੰਨੀ ਕੁ ਸਮਝ ਜਾਂ ਬੋਲ ਸਕਦੇ ਹੋ ?

—ਪੂਰੀ ਤਰ੍ਹਾਂ ਬੋਲ ਲੈਣਾ, ਪੂਰੀ ਤਰ੍ਹਾਂ ਸਮਝ ਲੈਣਾ, ਲਿਖਣ ਦਾ ਹੁਣ ਅਭਿਆਸ ਨਹੀਂ। ਲਗਾਤਾਰ ਬੰਗਾਲੀਆਂ ਵਿੱਚ ਰਹਾਂ ਭਾਵੇਂ ਚਾਰ ਦਿਨ ਤਾਂ ਪਤੀ ਨਹੀਂ ਲਗਦਾ ਕਿ ਮੈਂ ਬੰਗਾਲੀ ਹਾਂ ਜਾਂ ਪੰਜਾਬੀ। ਟੁੱਟੇ ਰਹੀਏ ਤਾਂ ਬੋਲਣ ਵਿੱਚ ਫਰਕ ਆ ਜਾਂਦਾ ਹੈ।

? ਤੁਹਾਨੂੰ ਇਨਾਮ ਮਿਲਣ ਨਾਲ ਆਤਮਾ ਬਹੁਤ ਪਰਸੰਨ ਹੋਈ ਹੈ। ਸਾਡਾ ਵੀ ਅਧਿਕਾਰ ਹੋਇਐ ਸਾਹਿਤ ਅਕਾਦਮੀ ਵਿੱਚ ?

—ਤੁਹਾਡਾ ਅਧਿਕਾਰ ਹੋਇਆ ਵੀ ਹੈ ਤੇ ਹੋਇਆ ਵੀ ਸੁਤਿਆਂ ਪਿਆਂ ਹੀ। ਮਤਲਬ ਜਿਸ ਗੱਲ ਲਈ ਲੋਕਾਂ ਨੇ ਬੜਾ ਤਰੱਦਦ ਕੀਤਾ ਹੈ ਸਾਨੂੰ ਪਤਾ ਹੀ ਨਹੀਂ ਲਗਾ। ਸੁਤੇ ਪਿਆਂ ਨੂੰ ਜਗਾ ਕੇ ਉਹਨਾਂ ਆਖਿਆ ਭਈ ਆਹ ਲਵੋ, ਤੁਹਾਨੂੰ ਦੇ ਰਹੇ ਹਾਂ। ਇਹ ਤੁਹਾਡੀ ਪ੍ਰਾਪਤੀ ਵੱਡੀ ਹੈ ਇਸ ਪੱਖ ਤੋਂ।

? ਬੰਗਲਾ ਤੋਂ ਪੰਜਾਬੀ ਵਿੱਚ ਅਨੁਵਾਦ ਕਰਨ ਵਾਲਾ ਹੋਰ ਵੀ ਕੋਈ ਬੰਦਾ ਹੈ ?

—ਇਕ ਬੰਦਾ ਕਲਕੱਤਾ ਹੁੰਦਾ ਸੀ ਨੈਸ਼ਨਲ ਲਾਇਬਰੇਰੀ ਵਿੱਚ। ਉਹਨੇ ਇਕ ਪੁਸਤਕ ਕੀਤੀ ਸੀ ਸਾਹਿਤ ਅਕਾਦਮੀ ਦੀ। ਉਹ ਚਲਿਆ ਨਹੀਂ ਸੀ। ਵੈਸੇ ਅਜੇ ਤੱਕ ਇਸ ਤਰ੍ਹਾਂ ਦਾ ਬੰਦਾ ਕੋਈ ਨਹੀਂ ਜਿਸਨੇ ਬੰਗਲਾ ਨੂੰ ਇਸ ਦ੍ਰਿਸ਼ਟੀ ਨਾਲ ਪੜ੍ਹਿਆ ਹੋਵੇ ਕਿ ਇਸ ਵਿੱਚ ਪੈਣਾ ਹੈ ਇਸ ਦੇ ਸਾਹਿਤ ਨੂੰ ਸਮਝਣੈ, ਇਹਦੇ ਵਿੱਚ ਕੰਮ ਕਰਨਾ ਹੈ। ਇਹ ਸਾਰਾ ਕੰਮ ਇਕ ਸੰਸਕਾਰ ਦੇ ਤੌਰ ਤੇ ਕਰਨ ਵਾਲਾ ਸ਼ਾਇਦ ਹੋਰ ਨਾ ਹੋਵੇ। ਅਸਲੀ ਗੱਲ ਤਾਂ ਇਹ ਹੈ ਮੇਰੇ ਸੰਸਕਾਰ ਸਾਹਿਤ ਦੇ ਸਾਰੇ ਬੰਗਾਲੀ ਨੇ।

? ਤੁਸੀਂ ਅਜਕਲ ਬੰਗਲਾ ਤੇ ਕੋਈ ਕੰਮ ਕਰ ਰਹੇ ਹੋ ?

—ਬੰਗਲਾ ਸਾਹਿਤ ਤੇ ਤਾਂ ਨਹੀਂ ਕਰ ਰਿਹਾ।

? ਇਸ ਤੋਂ ਇਲਾਵਾ ਸਾਹਿਤ ਫਲਸਫੇ ਡਾਕਟਰੀ ਬਾਰੇ ਕੀ ਕਰ ਰਹੇ ਹੋ ?

—ਹੋਮਿਓਪੈਥੀ ਲਈ ਬੰਗਲਾ ਨੇ ਮੇਰੀ ਬਹੁਤ ਮਦਦ ਕੀਤੀ ਹੈ। ਵੱਡੀ ਭਾਸ਼ਾ ਜਿਸ ਨੂੰ ਮੈਂ ਜਾਣਦਾ ਹਾਂ ਉਹ ਬੰਗਾਲੀ ਹੈ। ਉਸ ਤੋਂ ਬਾਅਦ ਹਿੰਦੀ ਹੈ। ਪੰਜਾਬੀ ਮੇਰੀ ਮਾਤਰੀ ਭਾਸ਼ਾ ਹੈ। ਮੈਂ ਪੰਜਾਬੀ, ਹਿੰਦੀ, ਬੰਗਾਲੀ ਪੜ੍ਹ ਰਿਹਾ ਹੋਵਾਂ ਇਕੋ ਜਿਹੀ ਮੁਹਾਰਤ ਤੇ ਸਮਝ ਨਾਲ ਪੜ੍ਹ ਲੈਂਦਾ ਹਾਂ। ਜਿਵੇਂ ਤਿੰਨੇ ਹੀ ਮਾਤਰੀ ਭਾਸ਼ਾਵਾਂ ਬਣ ਗਈਆਂ ਹੋਣ। ਉਂਝ ਮੈਂ ਬੰਗਲਾ ਵਿੱਚ ਵਿਵੇਕਾਨੰਦ, ਰਾਮ ਕ੍ਰਿਸ਼ਨ ਪਰਮਹੰਸ, ਅਰਵਿੰਦ ਘੋਸ਼ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਯੋਗ ਦੀ ਸਾਰੀ ਫਿਲਾਸਫੀ ਨੂੰ ਉਹਨਾਂ ਬੰਗਲਾ ਵਿੱਚ ਵਰਤਿਐ। ਮੇਰੀ ਆਪਣੀ ਦਿਲਚਸਪੀ ਵੀ ਯੋਗ ਵਿੱਚ ਹੈ। ਯੋਗ ਤੇ ਮੈਂ ਕੰਮ ਵੀ ਕੀਤੇ। ਕਈ ਲੇਖ ਮੇਰੇ ਯੋਗ ਤੇ ਤੰਤਰ ਬਾਰੇ ਨਾਗਮਣੀ ਵਿੱਚ ਛਪੇ ਨੇ। ਹੋਰ ਵੀ ਛਪੇ ਨੇ।



Namdhari Elibrary NamdhariElibrary@gmail.com

ਮੇਰੀ ਅਗੋਂ ਦੀ ਤਿਆਰੀ ਵੀ ਯੋਗ ਤੰਤਰ ਹੈ। ਪ੍ਰਾਜੈਕਟ ਮੇਰੇ ਸਾਹਮਣੇ ਹੈ।

? ਇਨਾਮ ਬਾਅਦ ਅਨੁਵਾਦ ਲਈ ਹੋਰ ਵੀ ਉਤਸ਼ਾਹ ਹੋ ਸਕਦਾ ?

—ਨਹੀਂ, ਅਨੁਵਾਦ ਮੈਂ ਬੜੇ ਚਿਰ ਤੋਂ ਛੱਡ ਦਿਤੈ ਅੱਖਾਂ ਨੂੰ ਤਕਲੀਫ ਹੁੰਦੀ ਹੈ।

? ਹੁਣ ਜ਼ਰਾ ਰਵਾਇਤੀ ਜਿਹੇ ਸਵਾਲ : ਤੁਹਾਡਾ ਜਨਮ, ਜਨਮ ਅਸਥਾਨ, ਮਾਤਾ ਪਿਤਾ.....?

—ਜਨਮ ਅਸਥਾਨ ਲੋਪੋਕੇ ਜ਼ਿਲਾ ਲਾਇਲਪੁਰ। ਪਾਕਿਸਤਾਨ ਬਨਣ ਤੋਂ ਪਹਿਲਾਂ ਦੇ ਭਾਰਤ ਵਿੱਚ। ਇਹ ਲੋਪੋਕੇ ਜ਼ਿਲਾ ਅੰਮ੍ਰਿਤਸਰ ਵਾਲੇ ਲਪੋਕੇ ਚੋਂ ਨਿਕਲਕੇ ਬਣੇ ਸਨ। ਜਨਮ ਮਿਤੀ ਇਕ ਅਕਤੂਬਰ ੧੯੨੩। ਪਿਤਾ ਜੀ ਦਾ ਨਾਮ ਮੁਲਖਾ ਸਿੰਘ ਅਤੇ ਮਾਤਾ ਦਾ ਨਾਮ ਰਾਜ ਕੌਰ ਪੇਕਿਆਂ ਦਾ ਤੇ ਲਾਲ ਦੇਈ ਸੌਹਰਿਆਂ ਦਾ।

ਮੇਰੇ ਦਾਦਾ ਜੀ ਮੋਨੇ ਸਨ ਗੰਡਾ ਮੱਲ ਨਾਮ ਸੀ। ਮੇਰੇ ਪਿਤਾ ਜੀ ਤੋਂ ਪਹਿਲਾਂ ਸੱਤ ਅੱਠ ਪੁੱਤਰ ਮਰ ਗਏ ਸੀ। ਮੇਰੇ ਪਿਤਾ ਜੀ ਏਸ ਸੁਖਣਾ ਨਾਮ ਜੰਮੇ ਸੀ ਕਿ ਉਹਨਾਂ ਨੂੰ ਸਿੱਖ ਬਣਾਇਆ ਜਾਵੇਗਾ। ਇਹ ਪਹਿਲਾਂ ਮੋਨੇ ਹੀ ਸਨ ਬਾਅਦ ਵਿੱਚ ਸਿੱਖ ਹੋ ਗਏ ਤੇ ਨਾਮ ਵੀ ਮੁਲਖਾ ਸਿੰਘ ਹੋ ਗਿਆ।

? ਸੰਤ ਮੰਗਲ ਸਿੰਘ ਤੁਹਾਥੋਂ ਕਿੰਨੇ ਵੱਡੇ ਸਨ।

—੨੦-੨੨ ਸਾਲ ਵੱਡੇ ਹੋਣਗੇ।

? ਗ੍ਰਹਿਸਥੀ ਜੀਵਨ ਦਾ ਇਤਿਹਾਸ ?

—ਮੇਰੀ ਪਹਿਲੀ ਪਤਨੀ ਸੁਮਿਤਰਾ ਡੇਢ ਦੋ ਸਾਲ ਰਹੀ। ਕੀਰਤਨਗੜ੍ਹ ਥਾਂਦੇ ਅੰਮ੍ਰਿਤਸਰ ਵਿੱਚ ਰਹਿੰਦੇ ਸੀ। ਉਹ ਸੱਪ ਲੜਨ ਨਾਲ ਮਰ ਗਈ ਸੀ। ਦੂਜੀ ਪਤਨੀ ਦੋ ਤਿੰਨ ਸਾਲ ਰਹੀ ਇਥੇ ਦਿੱਲੀ ਵਿੱਚ ਹੀ ਉਸਦੀ ਮੌਤ ਹੋ ਗਈ। ਤੀਜੀ ਪਤਨੀ ਹੈ ਬੈਂਕੋਕ ਰਹਿੰਦੀ ਹੈ।

੩੦ ਅਪਰੈਲ ੧੯੭੨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਅਰਦਾਸਾ ਹੋਇਆ ਸੀ। ਇਹ ਰਿਸ਼ਤਾ ਉਹਨਾਂ ਹੀ ਕਰਵਾਇਆ ਸੀ।

ਉਹਨਾਂ ਨਾਲ ਸੰਬੰਧ ਹੈ ਨੇ। ਚਿੱਠੀ ਪੱਤਰ ਦੇ ਵੀ ਵੈਸੇ ਵੀ ਕਦੇ ਕਦੇ ਦਰਸ਼ਨ ਮੇਲੇ ਹੋ ਜਾਂਦੇ ਨੇ। ਵੈਸੇ ਉਹ ਓਥੇ ਰਹਿੰਦੇ ਨੇ ਮੈਂ ਏਥੇ ਰਹਿਣਾਂ।

੨੪-੧੦-੧੯੯੦

## ਦੂਆ ਪਰਿਵਾਰ ਨੂੰ ਸਦਮਾ



੪੬ ਹਰਦਿਆਲ ਨਗਰ ਜਲੰਧਰ ਦੇ ਨਿਵਾਸੀ ਦੂਆ ਪਰਿਵਾਰ, ਸ. ਮਨਜੀਤ ਸਿੰਘ, ਰਨਬੀਰ ਸਿੰਘ, ਦਵਿੰਦਰ ਸਿੰਘ, ਗੁਰਮਿੰਦਰ ਸਿੰਘ ਜੀ ਦੇ ਪਿਤਾ ਸ. ਪੂਰਨ ਸਿੰਘ ਦੂਆ ੭ ਫਰਵਰੀ ੨੦੦੪ ਨੂੰ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਸ. ਪੂਰਨ ਸਿੰਘ ਸ੍ਰੀ ਭੈਣੀ ਸਾਹਿਬ ਦੀ ਗੁਰੂ ਪਰੰਪਰਾ ਦੇ ਪੂਰਨ ਸ਼ਰਧਾਲੂ ਸਨ। ਆਪ ਦੇ ਭੋਗ ਸਮੇਂ ਪਰਿਵਾਰ ਵਲੋਂ ਸ੍ਰੀ ਭੈਣੀ ਸਾਹਿਬ, ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਾਸਤੇ ਕੱਢੀ ਸਹਾਇਤਾ ਤੋਂ ਇਲਾਵਾ ਵਰਿਆਮ ਵਾਸਤੇ ਵੀ ੫੦੦/- ਰੁਪਏ ਸਹਾਇਤਾ ਦਿੱਤੀ ਗਈ। ਆਪ ਵਰਿਆਮ ਦੇ ਨਿਸ਼ਠਾਵਾਨ ਪਾਠਕ ਸਨ।

## ਪਾਠ ਦਾ ਭੋਗ



ਸਵਰਗਵਾਸੀ ਸੂਬਾ ਹਵੇਲਾ ਸਿੰਘ ਜੀ ਬੰਬਈ ਵਾਲੇ ਦੀ ਧਰਮ-ਪਤਨੀ, ਬੀਬੀ ਇੰਦਰਜੀਤ ਕੌਰ ਦੀ ਮਾਤਾ ਜੀ, ਅਤੇ ਸ. ਗੁਰਬਚਨ ਸਿੰਘ ਜੀ ਨਾਮਧਾਰੀ ਚੰਡੀਗੜ੍ਹ ਵਾਲਿਆਂ ਦੀ ਸੱਸ ਮਾਤਾ— ਮਾਤਾ ਸੰਤ ਕੌਰ ਜੀ, ਜੋ ੧੩-੨-੨੦੦੩ ਨੂੰ ਸਦੀਵੀ ਵਿਛੋੜਾ ਦੇ ਗਏ ਸਨ,

ਨਮਿਤ ਰੱਖੇ ਪਾਠ ਦਾ ਭੋਗ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ੧੦-੩-੨੦੦੪, ਦਿਨ ਬੁੱਧਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਇਸ ਸਮੇਂ ਮਾਸਕ ਵਰਿਆਮ ਨੂੰ ੫੦੦/- ਰੁਪੈ ਸਹਾਇਤਾ ਵੀ ਭੇਜੀ ਗਈ।



Namdhari Elibrary NamdhariElibrary@gmail.com

# ਸਾਨੂੰ ਆਪਣੇ ਸਦਾ ਬਣਾਈ ਰੱਖੋ

*—ਸੁਵਰਨ ਸਿੰਘ ਵਿਰਕ*

ਬ੍ਰਿਹੋਂ ਕੁੱਠੇ ਹਿਰਦਿਆਂ ਦੀਆਂ ਸੱਚੀਆਂ ਸੁੱਚੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲਾ, ਸਾਡਾ ਇੱਕ ਲੋਕ-ਗੀਤ ਜਾਂ ਲੋਕ-ਗੀਤ ਵਰਗੀਆਂ ਕਿਸੇ ਕਵੀ ਦੀਆਂ ਸਤਰਾਂ ਹਨ :

*"ਹੱਡ ਜਿਨ੍ਹਾਂ ਦੇ ਪ੍ਰੀਤੀਆਂ ਗਾਉਂਦੇ ਦੀਪਕ ਰਾਗ।*
*ਬੱਤੀ ਵੱਟਕੇ ਉਮਰ ਦੀ ਬਲਦੇ ਵਾਂਗ ਚਰਾਗ।"*

ਆਪਣੀ ਮਿੱਠੀ ਬੋਲੀ ਸਦਕਾ ਸ਼ੱਕਰ ਦਾ ਪਹਾੜ (ਸ਼ੱਕਰ ਗੰਜ) ਅਖਵਾਉਣ ਵਾਲੇ ਬਾਬਾ ਫ਼ਰੀਦ ਨੇ ਵਿਛੋੜੇ ਨੂੰ ਪੰਜਾਬੀ ਕਵਿਤਾ ਵਿੱਚ ਜੋ ਬੁਲੰਦੀਆਂ ਪ੍ਰਦਾਨ ਕੀਤੀਆਂ, ਬ੍ਰਿਹੋਂ ਦੀ ਤੜਪ ਤੋਂ ਸੱਖਣੇ ਹਿਰਦਿਆਂ ਵਾਲੇ ਸਰੀਰਾਂ ਨੂੰ ਮਸਾਣਾਂ ਤੁੱਲ ਦੱਸਿਆ, ਉਸੇ ਕਰਕੇ ਸਾਡੇ ਅਜੋਕੇ ਜੁੱਗ ਦੇ ਦਰਦ ਵਿਛੋੜੇ ਦੇ ਬੋਲ ਬੋਲਣ ਵਾਲੇ ਕਵੀ ਸ਼ਿਵ ਕੁਮਾਰ ਨੇ ਆਪਣੇ ਲਈ 'ਬ੍ਰਿਹਾ ਦਾ ਸੁਲਤਾਨ' ਲਕਬ ਰਾਖਵਾਂ ਕਰ ਲਿਆ। ਸੰਸਕ੍ਰਿਤ ਕਵੀ ਕਾਲੀਦਾਸ ਬ੍ਰਿਹੋਂ ਕੁੱਠੀਆਂ ਇਸਤਰੀਆਂ ਵਾਸਤੇ ਆਪਣੇ ਪਤੀਆਂ/ਪ੍ਰੇਮੀਆਂ ਨੂੰ ਬੱਦਲਾਂ ਅਤੇ ਹਵਾਵਾਂ ਹੱਥ ਸੁਨੇਹੇ ਭੇਜਦੇ ਹੋਏ ਵਿਸ਼ਵ ਸਾਹਿਤ ਵਿੱਚ ਇਕ ਅਦੁੱਤੀ ਰਚਨਾ "ਮੇਘ ਦੂਤ" ਪੇਸ਼ ਕਰਦੇ ਹਨ।

ਵਿਛੋੜਾ ਕਿਸੇ ਦਾ ਵੀ ਹੋ ਸਕਦਾ ਹੈ, ਆਪਣੇ ਸੱਜਣਾਂ ਪਿਆਰਿਆਂ ਦਾ ਵੀ ਆਪਣੇ ਗੁਰੂ ਮੁਰਸ਼ਦ ਦਾ ਵੀ। ਗੁਰੂ ਪਿਤਾ ਚੌਥੇ ਸਤਿਗੁਰੂ ਰਾਮਦਾਸ ਜੀ ਤੋਂ ਕੁਝ ਕੋਹਾਂ ਦੀ ਵਿੱਥ ਤੇ ਰਹਿਣ ਸਦਕਾ ਗੁਰੂ ਅਰਜਨ ਜਿਸ ਬ੍ਰਿਹੋਂ ਕਾਵਿ ਦੀ ਰਚਨਾ ਕਰਦੇ ਹਨ ਉਹਦੀ ਤੜਪ ਕਿੰਨੀ ਤਿੱਖੀ ਹੈ। ਸਿਖ ਰੋਜ਼ ਸਵੇਰੇ ਦੀ ਨਿੱਤਨੇਮ ਦੀ ਬਾਣੀ, ਸ਼ਬਦ ਹਜ਼ਾਰੇ ਵਿੱਚ ਇਹ ਸ਼ਬਦ ਪੜ੍ਹਦਾ ਹੋਇਆ ਅੱਜ ਵੀ ਵਿਸਮਾਦ ਦੀ ਅਵਸਥਾ ਵਿੱਚ ਪੁਜ ਜਾਂਦਾ ਹੈ :

*"ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥"*

ਸਾਡੇ ਕਿੱਸਾਕਾਰਾਂ ਨੇ ਵੀ ਇਹਨਾਂ ਦੂਰੀਆਂ ਦਾ ਦੁੱਖ, ਰੂਹ ਦੇ ਨੰਗੇ ਪਿੰਡੇ ਤੇ ਵੱਜੀਆਂ ਛਮਕਾਂ ਦੀ ਮਾਰ ਜਿਉਂ ਹੰਢਾਇਆ ਤੇ ਫਿਰ ਉਹਨਾਂ ਦੇ ਸ਼ਬਦ, ਸ਼ਬਦ ਨਾ ਰਹਿਕੇ ਹੱਥਾਂ ਵਿੱਚ ਮਘਦੇ ਹੋਏ ਕੋਈ ਅੱਖਰ ਹੋ ਜਾਇਆ ਕਰਦੇ ਸਨ। ਜਿਸਦਾ ਸੇਕ ਉਹਨਾਂ ਨੂੰ ਭਾਵੇਂ ਸਾੜਦਾ ਵੀ ਰਿਹਾ ਹੋਵੇ ਪਰ ਮਨਾਂ ਦੀਆਂ ਹਨੇਰੀਆਂ ਗੁੱਠਾਂ ਵੀ ਤਾਂ ਇਸੇ ਤਰ੍ਹਾਂ ਰੌਸ਼ਨ ਹੋ ਉਠਦੀਆਂ ਸਨ। ਇਸੇ ਰੰਗ ਵਿੱਚ ਸਾਡਾ ਮੱਧਕਾਲੀ ਕਿੱਸਾਕਾਰ ਹਾਫਿਜ਼ ਬਰਖੁਰਦਾਰ ਬੋਲਦਾ ਹੈ :

*"ਤਿਲਾਂ ਬਾਝ ਨਾ ਬਲਣ ਮਸ਼ਾਲਾਂ*
*ਦਰਦਾਂ ਬਾਝ ਨਾ ਆਹੀਂ।*
*ਆਤਸ਼ ਦੀ ਹੱਟ ਸੌਦਾ ਕਰੀਏ*
*ਸੜੀਏ ਕਿਉਂਕਰ ਨਾਹੀਂ।"*

ਪੰਜਾਬੀ ਸੂਫ਼ੀ ਕਵੀਆਂ ਨੇ ਬ੍ਰਿਹਾ ਵਰਣਨ ਨੂੰ ਉਚੇਰੇ ਮੁਕਾਮ ਤੇ ਪੁਚਾ ਦਿਤਾ ਹੈ। ਇਕ ਹਿੰਦੂ ਬਾਲਕ ਮਾਧੋ ਲਾਲ ਦੀ ਪ੍ਰੀਤ ਵਿੱਚ ਗਹਿਰਾ ਉਤਰਕੇ ਆਪਣੇ ਤੋਂ ਪਹਿਲਾਂ ਉਹਦਾ ਨਾਂ ਆਪਣੇ ਨਾਂ ਨਾਲ ਜੋੜਨ ਵਾਲਾ "ਮਾਧੋ ਲਾਲ ਹੁਸੈਨ" ਜਾਂ ਸ਼ਾਹ ਹੁਸੈਨ ਦੀ ਲਾਚਾਰੀ ਤੇ ਬੇਵਸੀ ਕਿੰਝ ਸਿਰ ਚੜ੍ਹ ਕੂਕਦੀ ਹੈ :

*"ਮਾਏ ਨੀ ਮੈਂ ਕੈਹਨੂੰ ਆਖਾਂ ਦਰਦ ਵਿਛੋੜੇ ਦਾ ਹਾਲ।*
*ਧੂੰਆਂ ਧੁਖੇ ਮੇਰੇ ਮੁਰਸ਼ਦ ਵਾਲਾ ਜਾਂ ਫੋਲਾਂ ਤਾਂ ਲਾਲ।*
*ਜੰਗਲ ਜੰਗਲ ਫਿਰਾਂ ਢੂੰਡੇਂਦੀ ਅਜੇ ਨਾ ਆਇਆ ਲਾਲ।"*

ਬੋਲੀ ਤੋਂ ਵੱਖ ਹੋ ਕੇ ਸਮਾਂ ਕਿਵੇਂ ਇੱਕੋ ਥਾਂ ਤੇ ਖਲੋ ਜਾਂਦਾ ਹੈ ਤੇ ਦੇਹ ਦਾ ਨਕਸ਼ਾ ਕੀ ਬਣ ਜਾਂਦਾ ਹੈ ਇਹ ਵੀ ਸ਼ਾਹ ਸਾਹਿਬ ਤੋਂ ਵਧੀਆਂ ਕੌਣ ਕਹਿ ਸਕਦਾ ਹੈ :

*"ਸੱਜਣ ਬਿਨ ਰਾਤੀਂ ਹੋਈਆਂ ਵੱਡੀਆਂ।*
*ਮਾਸ ਝੜੇ ਝੜੇ ਪਿੰਜਰ ਹੋਇਆ*
*ਕੜਕਣ ਲੱਗੀਆਂ ਹੱਡੀਆਂ।"*

"ਹੀਰ" ਦਾ ਸ਼ਾਇਰ ਵਾਰਿਸ ਸ਼ਾਹ ਤਾਂ ਖੁਦ ਭੁਗਤ ਭੋਗੀ ਹੈ, ਉਹ ਹੀਰ ਦੀ ਪ੍ਰੇਮਗਾਥਾ ਦਾ ਕੀਲਿਆ ਹੀ ਇਸ ਬਿਖੜੇ ਮਾਰਗ ਤੇ ਪਿਆ ਹੈ, ਵਰਨਾ ਉਹ ਤੇ ਸੱਯਦਾਂ ਦਾ ਪੁੱਤਰ ਸੀ, ਲਿਖਦਾ ਹੈ :

*"ਵਾਰਿਸ਼ ਸ਼ਾਹ ਨੂੰ ਹੀਰ ਖੁਆਰ ਕੀਤਾ*
*ਨਹੀਂ ਰੱਬ ਸੀ ਸਾਹਿਬ ਸਰਦਾਰ ਕੀਤਾ।"*

ਹੀਰ ਦੀ ਰਾਂਝੇ ਦੇ ਦਰਸ਼ਨ ਦੀਦਾਰ ਦੀ ਸਿੱਕ ਨੂੰ ਇਸ ਉੱਚ-ਦੁਮਾਲੜੇ ਸ਼ਾਇਰ ਨੇ ਕਿਆ ਖੂਬ ਚਿਤਰਿਆ ਹੈ :

*"ਗਲ ਪੱਲੜਾ ਇਸ਼ਕ ਦੇ ਕੁੱਠਿਆਂ ਦੇ,*
*ਮੂੰਹ ਘਾਹ ਓ ਦਿਲਬਰਾ ਵਾਸਤਾ ਈ।*
*ਆਖੀਂ ਹੀਰ ਜੱਟੀ ਤੈਨੂੰ ਯਾਦ ਕਰਦੀ,*
*ਮਿਲ ਜਾਹ ਓ ਦਿਲਬਰਾ ਵਾਸਤਾ ਈ।*
*ਵਾਰਿਸ ਸ਼ਾਹ ਨਮਾਜ਼ ਦਾ ਫਰਜ਼ ਵੱਡਾ,*
*ਸਿਰੋਂ ਲਾਹ ਓ ਦਿਲਬਰਾ ਵਾਸਤਾ ਈ।"*



Namdhari Elibrary NamdhariElibrary@gmail.com

ਬੁੱਲ੍ਹੇ ਸ਼ਾਹ ਨੂੰ ਵੀ ਆਪਣੇ ਮੁਰਸ਼ਦ ਦੇ ਦਰਸ਼ਨਾਂ ਵਿਚੋਂ ਕੋਈ ਇਕ ਨਮਾਜ਼ ਕੀ ਸਾਰੇ ਕਾਅਬੇ ਦਾ ਹੱਜ ਨਜ਼ਰ ਆਉਂਦਾ ਹੈ :

*"ਹਾਜ਼ੀ ਲੋਕ ਮੱਕੇ ਨੂੰ ਜਾਂਦੇ*
*ਅਸਾਂ ਜਾਣਾ ਤਖ਼ਤ ਹਜ਼ਾਰੇ।*
*ਜਿਤ ਵਲ ਯਾਰ ਉੱਤੇ ਵੱਲ ਕਾਅਬਾ*
*ਭਾਂਵੇ ਵੇਖ ਕਿਤਾਬਾਂ ਚਾਰੇ।"*

ਹਾਸ਼ਮ ਆਪਣੀ ਸੱਸੀ ਵਿੱਚ ਲਿਖਦਾ ਹੈ ਕਿ ਜਦੋਂ ਸੱਸੀ ਨੂੰ ਪੁੰਨੂੰ ਵਾਲੇ ਊਠ ਦਾ ਖੁਰਾ ਮਾਰੂਥਲ ਵਿੱਚ ਮਿਲਦਾ ਹੈ ਤਾਂ ਉਹ ਉਸ ਲਈ ਇਉਂ ਸੀ ਜਿਵੇਂ ਅੰਨ੍ਹੇ ਨੂੰ ਨਜ਼ਰ ਮਿਲ ਜਾਵੇ, ਤਿਹਾਏ ਨੂੰ ਪਾਣੀ। ਫਿਰ ਕਹਿੰਦਾ ਹੈ ਕਿ ਦਿਲ ਦੇ ਦਰਦ ਦਾ ਦਾਰੂ ਮਿਲ ਗਿਆ ਤੇ ਅਖੀਰ ਤੇ ਆਖਦਾ ਹੈ ਕਿ ਉਹ ਤਾਂ ਪੁੰਨੂੰ ਦੇ ਸ਼ਹਿਰ ਕੇਚ ਮੁਕਰਾਨ ਦਾ ਕਾਸਿਦ ਹੀ ਜਾਣੋਂ ਮਿਲ ਗਿਆ ਹੋਵੇ :

*"ਕੁਦਰਤ ਨਾਲ ਸੱਸੀ ਹੱਥ ਆਇਆ,*
*ਫਿਰਦਿਆਂ ਖੋਜ ਸ਼ੁਤਰ ਦਾ।*
*ਯਾ ਉਹ ਨੂਰ ਨਜ਼ਰ ਦਾ ਕਹੀਏ,*
*ਦਾਰੂ ਦਰਦ ਜਿਗਰ ਦਾ।*
*ਹਾਸ਼ਮ ਜਾਣ ਸੱਸੀ ਨੂੰ ਮਿਲਿਆ,*
*ਕਾਸਦ ਕੇਚ ਸ਼ਹਿਰ ਦਾ।"*

ਦਸਵੇਂ ਪਾਤਸ਼ਾਹ ਆਪਣੇ ਦੁਨਿਆਵੀ ਸਫ਼ਰ ਦੀ ਅੱਤ ਬਿਪਤਾ ਦੀ ਘੜੀ ਵਿੱਚ ਪੁੱਤਰਾਂ, ਪਰਿਵਾਰ ਅਤੇ ਪੁੱਤਰਾਂ ਵਰਗੇ ਸਿੰਘਾਂ ਤੋਂ ਨਿੱਖੜ ਕੇ, ਵਿਛੋੜੇ ਦੀ ਇਸ ਤੀਬਰਤਾ ਨੂੰ ਜਿਸ ਸ਼ਬਦ ਵਿੱਚ ਬੰਨ੍ਹਦੇ ਹਨ, ਮਾਛੀਵਾੜੇ ਦੇ ਲਾਗੇ ਚਾਗੇ, ਉਹ ਵਿਸ਼ਵ ਸਾਹਿਤ ਦਾ ਸ਼ਾਹਕਾਰ ਹੋ ਨਿਬੜਦਾ ਹੈ :

**ਖਿਆਲ ਪਾਤਸ਼ਾਹੀ ੧੦**

"ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ॥
ਤੁਧੁ ਬਿਨੁ ਰੋਗ ਰਜਾਈਆ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗੁ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭਠ ਖੇੜਿਆ ਦੇ ਰਹਿਣਾ॥੧॥੬॥"

ਜਦੋਂ ਅੰਗਰੇਜ਼ ਸਰਕਾਰ ਵਤਨਪ੍ਰਸਤੀ ਦੀ ਸਜ਼ਾ ਦੇਣ ਲਈ ਲੱਖਾਂ ਨਾਮਧਾਰੀਆਂ ਦੇ ਹਿਰਦੇ ਸਮਰਾਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼-ਬਦਰ ਕਰ ਦਿੰਦੀ ਹੈ ਤਾਂ ਸੰਗਤ ਦਾ ਵਿਛੋੜਾ ਉਹਨਾਂ ਨੂੰ ਜਿਵੇਂ ਪਰੇਸ਼ਾਨ ਕਰਦਾ ਹੈ, ਉਸਦਾ ਵਰਣਨ ਇਕ ਨਾਮਧਾਰੀ ਕਵੀ ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਇਉਂ ਕਰਦਾ ਹੈ :

*"ਮੈਨੂੰ ਇਕੋ ਦੁਖ ਵਿਛੋੜੇ ਦਾ,*
*ਸੰਗਤ ਦਾ ਦਰਸ ਨਸੀਬ ਨਹੀਂ।*
*ਮੇਰੇ ਦੁਖ ਦਾ ਦਾਰੂ ਸੰਗਤ ਹੈ,*
*ਅਜ ਮਿਲਦੇ ਵੀਰ ਹਬੀਬ ਨਹੀਂ।*
*ਜਿਸ ਡਿੱਠਿਆਂ ਤਨ ਮਨ ਸ਼ਾਦ ਹੋਏ,*
*ਸੁਖ ਸੋਮੇ ਮਿਲਣ ਤਬੀਬ ਨਹੀਂ।*
*ਜਿਹਨੂੰ ਦਰਸ਼ਨ ਨਹੀਂ ਅਜ ਸੰਗਤ ਦਾ,*
*ਕੋਈ ਮੇਰੇ ਜਿਹਾ ਗਰੀਬ ਨਹੀਂ।"*

ਤੇ ਭਾਈ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ ਨਾਮਧਾਰੀ ਇਸ ਗੁਰਾਂ ਦੇ ਵਿਛੋੜੇ ਨੂੰ ਜਿਗਰ ਵਿੱਚ ਫੋੜੇ ਜਿਉਂ ਮਹਿਸੂਸ ਕਰ ਰਹੇ ਹਨ। ਭਾਈ ਚੰਦਾ ਸਿੰਘ ਨੇ ਸੰਗਤ ਵਲੋਂ ਦੁਨਿਆਵੀਂ ਸਿਆਣਪ ਛੱਡ ਕੇ "ਮੈਲੇ ਵੇਸ" ਧਾਰਨ ਕਰਨ ਨੂੰ ਵੀ ਗੁਰੂ ਵਿਛੋੜੇ ਦੀ ਤੀਬਰਤਾ ਨਾਲ ਜੋੜਿਆ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਸਮੇਂ ਨਾਮਧਾਰੀ ਸੰਗਤ ਉਤੇ ਜਿਵੇਂ ਹਿਜਰ ਦੇ ਆਰੇ ਚੱਲੇ ਉਸ ਦੁੱਖ ਦੀ ਬਿਹਬਲਤਾ ਦਾ ਵਰਣਨ ਪਿਛਲੇ ਇਤਿਹਾਸ ਨਾਲ ਜੋੜ ਕੇ ਅਜੀਤ ਸਿੰਘ ਚੀਮਾ ਨੇ ਇਉਂ ਕੀਤਾ ਸੀ :

*"ਤੁਸੀਂ ਕਹਿੰਦੇ ਸੀ ਬਾਰ੍ਹਵੇਂ ਗੁਰੂ ਆਉਣਾ*
*ਸਾਨੂੰ ਉਹਦਾ ਦੀਦਾਰ ਕਰਾਇਆ ਹੀ ਨਹੀਂ।*
*ਉਹਨੂੰ ਢੂੰਡਦੇ ਆਪ ਵੀ ਚਲੇ ਗਏ ਓ*
*ਅਜੇ ਤੀਕ ਬੇਦਰਦ ਉਹ ਆਇਆ ਹੀ ਨਹੀਂ।*
*ਅਜੇ ਨਹੀਂ ਸ਼ਹੀਦਾਂ ਦਾ ਖ਼ੂਨ ਸੁੱਕਾ*
*ਭੈੜੀ ਕੋਟਲੇ ਦੀ ਖ਼ੂਨੀ ਰੜੀ ਵਿਚੋਂ।*
*ਅਜੇ ਤੀਕ ਮਾਹੀਆ ਲਾਟਾਂ ਨਿਕਲ ਰਹੀਆਂ*
*ਤੇਰੇ ਪਿਤਾ ਪਿਆਰੇ ਦੀ ਮੜ੍ਹੀ ਵਿਚੋਂ।"*

ਗੋਕਲ ਦੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਦੇ ਵਿਯੋਗ ਵਿੱਚ ਜਦੋਂ ਉਹ ਮਥਰਾ ਚਲੇ ਜਾਂਦੇ ਹਨ, ਹਿਜਰ ਦੀਆਂ ਤ੍ਰਾਟਾਂ ਨਾ ਸਹਾਰਦਿਆਂ, ਧਨੀ ਰਾਮ ਚਾਤ੍ਰਿਕ ਹੋਰਾਂ ਦੀ ਕਵਿਤਾ ਵਿੱਚ ਊਧੋ ਰਾਹੀਂ ਕ੍ਰਿਸ਼ਨ ਜੀ ਨੂੰ ਇਉਂ ਸੁਨੇਹੇ ਭੇਜਦੀਆਂ ਹਨ :

*"ਤੂੰ ਤੇ ਮਥਰਾ ਦੀਆਂ ਕੁੰਜੀਆਂ ਸਾਂਭ ਬੈਠੋਂ*
*ਸਾਡੀ ਗੋਕਲ ਨੂੰ ਵੱਜ ਗਏ ਜੰਦਰੇ ਵੇ।*
*ਜੇਹਾ ਗਿਉਂ ਕਿ ਮੁੜਨ ਦੀ ਜਾਚ ਭੁੱਲੀ*
*ਨਿਕਲ ਗਿਉਂ ਕਿਹੜੇ ਵਾਰ ਚੰਦਰੇ ਵੇ।"*

ਕੂਕਿਆਂ ਦੁਆਰਾ ਰਚਿਤ ਜਾਂ ਸਮੁੱਚੇ ਪੰਜਾਬੀ ਕਵੀਆਂ ਦੁਆਰਾ ਲਿਖੇ ਬਿਰ੍ਹੋਂ ਕਾਵਿ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ, ਸਾਡੇ ਮਿੱਤਰ ਨਾਮਧਾਰੀ ਕਵੀ ਗੁਰਦਿਆਲ ਸਿੰਘ ਪ੍ਰੀਤ ਨੇ। ਗੱਲ ਏਨੀ ਕੁ ਹੈ ਕਿ ਰਜ਼ਾ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਕਰੀਬਨ


Namdhari Elibrary NamdhariElibrary@gmail.com

ਤਿੰਨ ਸਾਲ ਇਲਾਕਾ ਜੀਵਨ ਨਗਰ ਨੂੰ ਆਪਣੀ ਚਰਨ ਛੁਹ ਨਾਲ ਨਿਵਾਜਣ ਤੋਂ ਮਹਿਰੂਮ ਰੱਖਿਆ। ਗੁਰੂ ਦੀਦਾਰ ਲਈ, ਭਾਰੀ ਤੜਪ ਲਈ, ਜੋਦੜੀਆਂ ਕਰਦਿਆਂ ਪ੍ਰੀਤ ਜੀ ਨੇ ਇਕ ਕਵਿਤਾ ਲਿਖ ਦਿਤੀ ਅਤੇ ਸ੍ਰੀ ਚਰਨਾਂ ਵਿੱਚ ਪੁਚਾ ਵੀ ਦਿਤੀ। ਕਵਿਤਾ ਦੀ ਸ਼ਕਤੀ ਜਾਂ ਕੁਝ ਹੋਰ....ਜੀਵਨ ਨਗਰ ਇਲਾਕੇ ਵਿੱਚ ਮਿਹਰਾਂ ਦਾ ਮੀਂਹ ਅਖੀਰ ਨਵੰਬਰ ੨੦੦੩ ਈ. ਨੂੰ ਵਸ ਪਿਆ। ਸਤਿਗੁਰੂ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰ ਹੋ ਗਏ। ਪ੍ਰੀਤ ਜੀ ਨੇ ਹਰੇ ਹੋਏ ਮਨਾਂ ਤਨਾਂ ਦੀ ਤਰਜਮਾਨੀ ਕਰਦੀ ਸ਼ੁਕਰਾਨੇ ਵਜੋਂ ਦੂਜੀ ਕਵਿਤਾ ਵੀ ਲਿਖੀ ਅਤੇ ਮਸਤਾਨਗੜ੍ਹ ਵਿਖੇ ਹਜ਼ੂਰੀ ਵਿਚ ਪੜ੍ਹ ਕੇ ਰਿਣ-ਮੁਕਤ ਹੋਏ। ਬਿਨਾਂ ਲੰਮੀ ਭੂਮਿਕਾ ਤੋਂ ਦੋਵੇਂ ਕਵਿਤਾਵਾਂ ਹਾਜ਼ਰ ਹਨ :

**ਸ੍ਰੀ ਭੈਣੀ ਸਾਹਿਬ ੧੫ ਅਕਤੂਬਰ ਨੂੰ ਪੜ੍ਹੀ ਗਈ ਕਵਿਤਾ**

*ਰਹਿਬਰ ਪਾਤਸ਼ਾਹ ਗੁਰ ਜਗਜੀਤ ਜੀਉ,*
*ਚੁੱਪ ਧਾਰਕੇ ਇਸ ਤਰ੍ਹਾਂ ਬਹੀਦਾ ਨਹੀਂ।*
*ਤਾਰਨਹਾਰ ਹੋ ਕੇ ਤਾਰਨ ਜੱਗ ਆਇਉਂ,*
*ਭੈਣੀ ਸਾਹਿਬ ਅੰਦਰ ਨਿਰਾ ਰਹੀਦਾ ਨਹੀਂ।*
*ਬਾਬੇ ਨਾਨਕ ਵਾਂਗਰ ਸਾਰੇ ਲਾ ਚੱਕਰ,*
*ਇਮਤਿਹਾਨ ਪਰ ਸਿੱਖਾਂ ਦਾ ਲਈਦਾ ਨਹੀਂ।*
*ਤੇਰੀ ਰਜ਼ਾ ਨੂੰ ਕੋਈ ਨਹੀਂ ਜਾਣ ਸਕਦਾ,*
*ਚੁੱਪ ਰਹਿਣਾ ਪਰ ਸੰਗਤ ਤੋਂ ਸਹੀਦਾ ਨਹੀਂ।*

*ਅਸੀਂ ਜੀਅ ਤੁਸੀਂ ਮਾਲਕ ਹੋ ਸਾਡੇ,*
*ਸਮਝ ਆਉਣੀ ਨਹੀਂ ਤੇਰੀ ਇਸ ਕਾਰ ਦੀ ਏ।*
*ਚੁੱਪ ਵੱਟ ਕੇ ਇਸ ਤਰ੍ਹਾਂ ਬਹਿ ਜਾਣਾ,*
*ਸਾਨੂੰ ਇਹੋ ਜੁਦਾਈ ਪਈ ਮਾਰਦੀ ਏ।*
*ਅੰਦਰ ਦੇਸ਼ ਵਿਦੇਸ਼ ਦੇ ਸੰਗਤਾਂ ਨੂੰ,*
*ਤਾਂਘ ਤੁਸਾਂ ਦੇ ਲੱਗੀ ਦੀਦਾਰ ਦੀ ਏ।*
*ਚਰਨ-ਕੰਵਲਾਂ ਦੀ ਛੋਹ ਨੂੰ ਤਰਸਦੀ ਏ,*
*ਜੀਵਨ ਨਗਰ ਦੀ ਧਰਤ ਪੁਕਾਰਦੀ ਏ।*

*ਜਾਨ ਜਾਨੀਆਂ ਦਿਲਾਂ ਦੇ ਜਾਨੀਆਂ ਵੇ,*
*ਜਾਨੀ ਹੋਕੇ ਜਾਨ ਤੜਫਾਇਆ ਨਾ ਕਰ।*
*ਇਹ ਜਾਨ ਨਹੀਂ ਹੋਰ ਥਾਂ ਜਾਣ ਜੋਗੀ,*
*ਜੀਣ-ਜੋਗਿਆਂ ਰਾਹੀਂ ਰੁਲਾਇਆਂ ਨਾ ਕਰ।*
*ਏਸ ਜਾਨ ਦੀ ਜਾਨੀਆਂ ਜਾਨ ਨਿਕਲੇ,*
*ਜਾਣ ਜਾਣਕੇ ਹੋਰ ਰਵਾਇਆ ਨਾ ਕਰ।*
*ਏਸ ਜਾਨ ਵਿੱਚ ਪੈ ਜਾਏ ਜਾਨ ਮੁੜਕੇ,*
*ਕੋਲ ਆਇਆਂ ਕੋਲੋਂ ਨੀਵੀਂ ਪਾਇਆ ਨਾ ਕਰ।*

*ਦਿਲ ਦੇ ਰਾਂਝਿਆ ਤੇਰੇ ਦੀਦਾਰ ਬਾਝੋਂ,*
*ਵੱਸ ਪੈ ਗਏ ਹਾਂ ਅਸੀਂ ਖੇੜਿਆਂ ਦੇ।*
*ਤੇਰਾ ਦੀਦ ਨਸੀਬ ਨਾ ਹੋਏ ਸਾਨੂੰ,*
*ਪਏ ਵੱਸ ਵਿਛੋੜੇ ਦੇ ਝੇੜਿਆਂ ਦੇ।*
*ਤੇਰੇ ਨਾਲ ਜਿੱਥੇ ਸਦਾ ਰੌਣਕਾਂ ਸੀ,*
*ਹਾਲ ਵੇਖ ਆਕੇ ਇਹਨਾਂ ਵਿਹੜਿਆਂ ਦੇ।*
*ਵੱਧ ਉਹਨਾਂ ਦਾ ਮੌਤ ਤੋਂ ਹਾਲ ਹੋਵੇ,*
*ਸੱਜਣ ਵਿੱਛੜੇ ਸੱਜਣਾਂ ਜਿਹੜਿਆਂ ਦੇ।*

*ਹੈ ਸਹਾਰਾ ਤੂੰ ਬੇ-ਸਹਾਰਿਆਂ ਦਾ,*
*ਤੇਰੇ ਬਿਨਾਂ ਹੋਰ ਸਾਡਾ ਸਹਾਰਾ ਕੋਈ ਨਹੀਂ।*
*ਸਚ ਸਹੁ ਹਮਾਰਾ ਏ ਤੂੰ ਧਨੀ,*
*ਤੇਰੇ ਵਣਜ ਦਾ ਹੋਰ ਵਣਜਾਰਾ ਕੋਈ ਨਹੀਂ।*
*ਆਪੇ ਬੇੜੀ ਤੇ ਆਪੇ ਮਲਾਹ ਹੈਂ ਤੂੰ,*
*ਮਿਲਣਾ ਤੇਰੇ ਬਿਨ ਸਾਨੂੰ ਕਿਨਾਰਾ ਕੋਈ ਨਹੀਂ।*
*ਇਹਨਾਂ ਦਰਾਂ ਨੇ ਸਾਨੂੰ ਸੰਭਾਲਿਆ ਏ,*
*ਤੇਰੇ ਦੁਆਰੇ ਜਿਹਾ ਹੋਰ ਦੁਆਰਾ ਕੋਈ ਨਹੀਂ।*

*ਅਸੀਂ ਜਿਹੋ ਜਿਹੇ ਹਾਂ ਤੈਨੂੰ ਪਤਾ ਸਾਰੇ,*
*ਆਪਣੇ ਜਾਣਕੇ ਸਾਡੀ ਸੰਭਾਲ ਰੱਖੀਂ।*
*ਮਿਹਰਬਾਨ ਨਾ ਸਾਡੀਆਂ ਵੇਖ ਭੁੱਲਾਂ,*
*ਹੱਥ ਸਿਰ ਤੇ ਦੀਨ ਦਿਆਲ ਰੱਖੀਂ।*
*ਹੈ ਬਖਸ਼ਿੰਦ ਤੇ ਬਖਸ਼ਣਾ ਕੰਮ ਤੇਰਾ,*
*ਸਾਡੇ ਅਉਗੁਣਾਂ ਦਾ ਨਾ ਖਿਆਲ ਰੱਖੀਂ।*
*ਮਿਹਰ ਭਰਿਆ ਸਿਰ ਤੇ ਹੱਥ ਰੱਖ ਕੇ,*
*ਲਾ ਕੇ "ਪ੍ਰੀਤ" ਨੂੰ ਚਰਨਾਂ ਦੇ ਨਾਲ ਰੱਖੀਂ।*

**ਮਸਤਾਨਗੜ੍ਹ (ਇਲਾਕਾ ਸ੍ਰੀ ਜੀਵਨ ਨਗਰ) ਵਿਖੇ ੧੭ ਨਵੰਬਰ ੨੦੦੩ ਨੂੰ ਧੰਨਵਾਦ ਵਜੋਂ ਪੜ੍ਹੀ ਗਈ**

*ਕੋਟਨ ਕੋਟ ਧੰਨਵਾਦ ਹੈ ਪਾਤਸ਼ਾਹ ਦਾ,*
*ਸਾਡੇ ਗਰੀਬਾਂ ਦੀ ਅਰਜ਼ ਮਨਜ਼ੂਰ ਹੋ ਗਈ।*
*ਜੀਵਨ ਨਗਰ ਦੀ ਧਰਤੀ ਨੂੰ ਭਾਗ ਲੱਗੇ,*
*ਗੱਲ ਨੇੜੇ ਹੋ ਗਈ ਜਿਹੜੀ ਦੂਰ ਹੋ ਗਈ।*
*ਉਹੋ ਵਿੱਚ ਅਕਾਸ਼ ਕੁਕਨੂਸ ਉੱਡਿਆ,*
*ਜਿੰਦ ਸੜਕੇ ਜਿਹੜੀ ਮਨੂਰ ਹੋ ਗਈ।*
*ਜਿਹੜੀ ਚਰਨਾਂ ਦੀ ਛੋਹ ਨੂੰ ਤਰਸਦੀ ਸੀ,*
*ਅੱਜ ਉਹ ਧਰਤੀ ਨੂਰੋ ਨੂਰ ਹੋ ਗਈ।*

*ਧੰਨ ਭਾਗ ਸਾਡੇ ਕਹੀਏ ਜਿਉਂ ਆਇਆਂ,*
*ਕੁੱਲੀ ਭੀਲਣੀ ਰਾਮ ਅਵਤਾਰ ਆਏ।*
*ਦੇਣ ਲਈ ਦੀਦਾਰ ਸੁਦਾਮਿਆਂ ਨੂੰ,*
*ਕੁਬਜਾਂ ਲਈ ਨੇ ਕ੍ਰਿਸ਼ਨ ਮੁਰਾਰ ਆਏ।*
*ਫੁਲਕਾ ਤਵੇ ਉਤੋਂ ਲੱਥਾ ਛਕਣ ਦੇ ਲਈ,*



Namdhari Elibrary NamdhariElibrary@gmail.com

ਘਰ ਨਾਨਕੀ ਨਾਨਕ ਨਿਰੰਕਾਰ ਆਏ।
ਲੱਖ ਸ਼ੁਕਰ ਹੈ ਅਰਜ਼ ਮਨਜ਼ੂਰ ਕਰਕੇ,
ਗੁਰ ਜਗਜੀਤ ਜੀ ਦੇਣ ਦੀਦਾਰ ਆਏ।

ਜਿਸ ਬਾਗ ਅੰਦਰ ਪਤਝੜ ਵੱਸੀ,
ਉਸ ਬਾਗ ਦੇ ਅੰਦਰ ਬਹਾਰ ਆ ਗਈ।
ਸਿੱਖ ਪੰਥ ਦੀਆਂ ਕਲੀਆਂ ਟਹਿਕ ਪਈਆਂ,
ਹਰ ਕਲੀ ਦੇ ਵਿਚੋਂ ਮਹਿਕਾਰ ਆ ਗਈ।
ਮੀਂਹ ਮੇਹਰ ਮਹਿਰਤਮ ਦਾ ਆਣ ਵੱਸਿਆ,
ਸਵਾਂਤ ਬੂੰਦ ਲੈ ਠੰਢੀ ਫੁਹਾਰ ਆ ਗਈ।
ਇਸ ਇਲਾਕੇ ਦੇ ਜਾਗ ਪਏ ਭਾਗ ਸੁੱਤੇ,
ਚੱਲ ਭੈਣੀਓਂ ਸੱਚੀ ਸਰਕਾਰ ਆ ਗਈ।

ਇਹ ਪੁੱਤਰ ਕਪੁੱਤਰ ਪਰ ਹੈਣ ਤੇਰੇ,
ਬਾਪੂ ਹੋ ਕੇ ਇਸ ਤਰ੍ਹਾਂ ਕਰੀਦਾ ਨਹੀਂ।
ਜਦੋਂ ਪੁੱਤਰਾਂ ਨੂੰ ਕੋਈ ਸੇਕ ਲੱਗਦੈ,
ਹਉਕੇ ਨਾਲ ਦੱਸਦੇ ਹਉਕਾ ਭਰੀਦਾ ਨਹੀਂ।
ਪੁੱਤਰ ਪਿਓ ਤੋਂ ਕੰਡ ਭੂਆ ਜਾਂਦੇ,
ਦੁੱਖ ਪੁੱਤਰਾਂ ਦਾ ਪਿਓ ਤੋਂ ਜਰੀਦਾ ਨਹੀਂ।
ਇਹ ਬੇਸਮਝ ਅਨਜਾਣ ਨਹੀਂ ਬਚਨ ਮੰਨਦੇ,
ਰੋਸਾ ਰੁੱਸਿਆਂ ਦਾ ਦਿਲ ਤੇ ਧਰੀਦਾ ਨਹੀਂ।

ਏਨੀ ਆਣ ਕੇ ਨਵੀਂ ਪਨੀਰੀ ਵਿਗੜੀ,
ਤੇਰੀ ਸਿਖਿਆ ਪਾਤਸ਼ਾਹ ਜਾਣੀ ਭੁੱਲੇ।
ਨਸ਼ਿਆਂ ਵਿੱਚ ਗਲਤਾਨ ਹੋ ਗਏ ਏਦਾਂ,
ਜਪਣਾ ਨਾਮ ਭੁੱਲੇ ਪੜ੍ਹਣੀ ਬਾਣੀ ਭੁੱਲੇ।
ਇਹਨਾਂ ਸਿੱਖੀ ਦਾ ਰੂਪ ਵਿਗਾੜ ਦਿੱਤਾ,
ਅੰਮ੍ਰਿਤ ਵੇਲੇ ਸਿਰ 'ਚ ਪਾਉਣਾ ਪਾਣੀ ਭੁੱਲੇ।
ਮਨਮੱਤ ਦਾ ਇਹਨਾਂ ਵਿੱਚ ਵਾਸ ਹੋਇਆ,
ਗੁਰਮੱਤ ਦੀ ਅਸਲ ਕਹਾਣੀ ਭੁੱਲੇ।

ਸਾਰੀ ਸ੍ਰਿਸ਼ਟੀ ਦੇ ਉਤੇ ਹੁਣ ਕਰੋ ਕਿਰਪਾ,
ਸਾਨੂੰ ਆਪਣੇ ਸਦਾ ਬਣਾਈ ਰੱਖੋ।
'ਕੱਠੇ ਬਹੀਏ ਰਲ ਪਰਿਵਾਰ ਸਾਰੇ,
ਸਿਰ ਤੇ ਹੱਥ ਧਰਕੇ ਹੀ ਸਮਝਾਈ ਰੱਖੋ।
ਦਰਸ਼ਨ ਦੇਕੇ ਸੰਗਤਾਂ ਤਾਰਦੇ ਰਹੋ,
ਫੇਰਾ ਦੇਸ ਵਿਦੇਸ਼ ਵਿੱਚ ਪਾਈ ਰੱਖੋ।
ਅਸੀਂ ਅਨਜਾਣ ਮਾਸੂਮ ਹਾਂ ਤੇਰੇ ਬੱਚੇ,
ਨਾਲ ਚਰਨਾਂ ਦੇ "ਪ੍ਰੀਤ" ਨੂੰ ਲਾਈ ਰੱਖੋ।

*ਗੁਰਦਿਆਲ ਸਿੰਘ "ਪ੍ਰੀਤ"*
*ਨਾਈਵਾਲਾ (ਸਿਰਸਾ)*

## ਬੀਬੀ ਗੁਰਚਰਨ ਕੌਰ ਜੰਮੂ ਨਮਿਤ ਮੇਲਾ

ਸੰਤ ਕਰਤਾਰ ਸਿੰਘ ਜੀ (ਫਰੀ ਇੰਡੀਆ ਗਨ ਫੈਕਟਰੀ ਵਾਲੇ) ਪ੍ਰਧਾਨ ਨਾਮਧਾਰੀ ਸੰਗਤ ਜੰਮੂ ਦੇ ਜੀਵਨ ਸਾਥਨ ਮਾਤਾ ਗੁਰਚਰਨ ਕੌਰ ਲੰਮਾ ਸਮਾਂ ਬੀਮਾਰ ਰਹਿਣ ਬਾਦ ੨੨ ਮਈ ੨੦੦੪ ਨੂੰ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਮਾਤਾ ਗੁਰਚਰਨ ਕੌਰ ਜੀ ਦਾ ਬਹੁਤ ਮਿਠ ਬੋਲੜਾ, ਸਿਦਕ ਸੰਤੋਖ ਵਾਲਾ ਮਮਤਾ ਭਰਿਆ ਸ਼ਾਂਤ ਸੁਭਾ ਸੀ। ਉਹ ਸਾਧੂ ਸੁਭਾ ਦੇ ਵਿਅਕਤੀ ਸਨ। ਸੰਤ ਕਰਤਾਰ ਸਿੰਘ ਜੀ ਦੇ ਵਲੋਂ ਵੱਡਾ ਕਾਰੋਬਾਰ ਸਥਾਪਤ ਕਰਨ ਵਿਚ ਮਾਤਾ ਜੀ ਦਾ ਵੱਡਾ ਸਹਿਯੋਗ ਸੀ। ਸੰਤ ਕਰਤਾਰ ਸਿੰਘ ਹੋਰਾਂ ਵੀ ਮਾਤਾ ਗੁਰਚਰਨ ਕੌਰ ਦੀ ਅੰਤਲੇ ਦਿਨਾਂ ਵਿਚ ਬਹੁਤ ਸੇਵਾ ਸੰਭਾਲ ਕੀਤੀ ਪਰ ਭਾਣਾ ਅਟੱਲ ਹੈ। ਸਾਧ ਸੰਗਤ ਰਿਸ਼ਤੇਦਾਰਾਂ ਅਤੇ ਹੋਰ ਮਿਲਣ ਗਿਲਣ ਵਾਲਿਆਂ ਦੇ ਮਨਾਂ ਤੇ ਮਾਤਾ ਜੀ ਦੀ ਸ਼ਖਸੀਅਤ ਦੀ ਡੂੰਘੀ ਛਾਪ ਹੈ। ਉਹ ਸਦਾ ਹੀ ਸ੍ਰੀ ਭੈਣੀ ਸਾਹਿਬ ਅਤੇ ਗੁਰੂ ਘਰ ਨਾਲ ਅਨੰਤ ਸ਼ਰਧਾ ਸਹਿਤ ਅੰਤੇ ਸਮੇਂ ਤਕ ਜੁੜ ਰਹੇ ਹਨ। ਮਾਤਾ ਗੁਰਚਰਨ ਕੌਰ ਜੀ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਅਤੇ ਮੇਲਾ ੩੦ ਮਈ ੨੦੦੪ ਐਤਵਾਰ ਨੂੰ ਪਰਿਵਾਰ ਦੇ ਨਿਵਾਸ ਅਸਥਾਨ, ਸੰਤ ਮਾਰਕਿਟ ਲੋਇਰ ਗੁਮਟ, ਨੇੜੇ ਜੀਊਲ ਸਿਨਮਾ ਜੰਮੂ ਵਿਚ ਪਵੇਗਾ। ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲੇ, ਜਥੇਦਾਰ ਇਕਬਾਲ ਸਿੰਘ ਜੀ ਅਤੇ ਹੋਰ ਗਿਆਨਵਾਨ ਸਜਨ ਕਥਾ ਵਿਖਿਆਨ ਕੀਰਤਨ ਕਰਨਗੇ। ਕਥਾ ਕੀਰਤਨ ਰੋਜ਼ ਸ਼ਾਮ ਨੂੰ ਨਿਰੰਤਰ ਜਾਰੀ ਹੈ।

ਅਸਾਂ ਬਹੁਤ ਸਮਾਂ ਮਾਤਾ ਗੁਰਚਰਨ ਕੌਰ ਦੀ ਸੁਭਾਗੀ ਸੰਗਤ ਮਾਣੀ ਹੈ ਅਤੇ ਉਹ ਸਾਡੀਆਂ ਯਾਦਾਂ ਵਿਚ ਸਥਾਈ ਸਥਾਨ ਰਖਦੇ ਹਨ। ਪਰਧਾਨ ਜੀ ਸੰਤ ਕਰਤਾਰ ਸਿੰਘ ਅਤੇ ਪਰਿਵਾਰ ਨਾਲ ਸਾਡੀ ਡੂੰਘੀ ਹਮਦਰਦੀ ਹੈ।

*—ਜਗਦੀਸ਼ ਸਿੰਘ ਵਰਿਆਮ*

ਜਿਸ ਮਨੁੱਖ ਨੇ ਆਪਣੇ ਸਵੈ ਤੇ ਅਧਿਕਾਰ ਕਰ ਲਿਆ ਹੈ ਉਹਦੇ ਉਪਰ ਕੋਈ ਬਾਹਰ ਦੀ ਚੀਜ਼ ਆਪਣਾ ਪ੍ਰਭਾਵ ਨਹੀਂ ਪਾ ਸਕਦੀ। ਉਸਦੇ ਲਈ ਕਿਸੇ ਪ੍ਰਕਾਰ ਦੀ ਗੁਲਾਮੀ ਬਾਕੀ ਨਹੀਂ ਰਹਿ ਜਾਂਦੀ। ਉਸ ਦਾ ਮਨ ਸੁਤੰਤਰ ਹੋ ਜਾਂਦਾ ਹੈ।

*—ਸਵਾਮੀ ਵਿਵੇਕਾਨੰਦ*


Namdhari Elibrary NamdhariElibrary@gmail.com

ਗੁਰੂ ਅਰਜਨ ਦੇਵ ਜੀ :

# "ਤੇਰੇ ਵਾਂਗੂੰ ਅਰਸ਼ੀ ਦਾਤਾ ਹੋਰ ਕਿਸੇ ਕੁਰਬਾਨ ਨਹੀਂ ਹੋਣਾ"

*—ਗਿਆਨ ਸਿੰਘ ਕੋਟਲੀ*

ਕਹਿਰ ਸਮੇਂ ਦੇ ਤੇਰੀ ਖ਼ਾਤਿਰ
ਭੱਠ ਜ਼ੁਲਮ ਦੀ ਤਾਉਂਦੇ ਤੱਕੇ।
ਸਮਿਆਂ ਦੇ ਸਹਿਰਾ ਦੇ ਝੱਖੜ
ਨਾਲ ਤੇਰੇ ਟਕਰਾਉਂਦੇ ਤੱਕੇ।
ਖੌਲਦੇ ਸਾਗਰ ਦਿਲ ਤੇਰੇ 'ਤੇ
ਗਿੱਠ ਗਿੱਠ ਛਾਲੇ ਪਾਉਂਦੇ ਤੱਕੇ।
ਭੁੱਜਦੀ ਰੇਤ 'ਚ ਭੁੰਨ ਕੇ ਤੈਨੂੰ
ਸਿਦਕ ਦੀ ਖੱਲੜੀ ਲਾਹੁੰਦੇ ਤੱਕੇ।

ਏਦੂੰ ਵਧ ਕੇ ਹੋਰ ਜ਼ੁਲਮ ਦਾ
ਸਾਕਾ ਕੋਈ ਮਹਾਨ ਨਹੀਂ ਹੋਣਾ।
ਤੇਰੇ ਵਾਂਗੂੰ ਅਰਸ਼ੀ ਦਾਤਾ
ਹੋਰ ਕਿਸੇ ਕੁਰਬਾਨ ਨਹੀਂ ਹੋਣਾ।

ਹੋਣੀ ਤਾਈਂ ਨਾਚ ਨਚਾਉਂਦੀ
ਤੇਰੀ ਸੂਹਲ ਜੁਆਨੀ ਤੱਕੀ।
ਸਿਦਕ ਤੇਰੇ ਦੇ ਕਦਮੀਂ ਅਟਕੀ
ਮੌਤ ਦੀ ਘੋਰ ਰਵਾਨੀ ਤੱਕੀ।
ਦੁਨੀਆ ਦੇ 'ਮਨਸੂਰਾਂ' ਬੁੱਲ੍ਹੀਂ
ਕੰਬਦੀ ਹੋਈ ਹੈਰਾਨੀ ਤੱਕੀ।
ਤੈਥੋਂ ਸਬਕ ਸ਼ਹਾਦਤ ਮੰਗਦੀ
ਦੁਨੀਆਂ ਦੀ ਕੁਰਬਾਨੀ ਤੱਕੀ।

ਅਣਖੀ ਜਜ਼ਬੇ ਟੁੰਬਣ ਵਾਲਾ
ਤੇਰੇ ਜਿਹਾ ਬਲੀਦਾਨ ਨਹੀਂ ਹੋਣਾ।
ਤੇਰੇ ਵਾਂਗੂੰ ਅਰਸ਼ੀ ਦਾਤਾ
ਹੋਰ ਕਿਸੇ ਕੁਰਬਾਨ ਨਹੀਂ ਹੋਣਾ।

ਸਹੁੰ ਰੱਬ ਦੀ ਤੂੰ ਖਿੜਦਾ ਦਿਸਿਓਂ
ਫੁੱਲਾਂ ਵਾਂਗੂੰ ਖ਼ਾਰਾਂ ਉਤੇ।
ਮੱਚਦੇ ਹੋਏ ਅੰਗਿਆਰਾਂ ਉਤੇ
ਜ਼ੁਲਮ ਦੇ ਕਹਿਰੀ ਵਾਰਾਂ ਉਤੇ।
ਜ਼ੁਲਮ ਦੀਆਂ ਤਲਵਾਰਾਂ ਉਤੇ।
ਭੂਤਰੇ ਹੋਏ ਹੰਕਾਰਾਂ ਉਤੇ।
'ਮੀਰ' ਦਿਆਂ ਇਕਰਾਰਾਂ ਉਤੇ
'ਚੰਦੂ' ਜਿਹੇ ਬਦਕਾਰਾਂ ਉਤੇ।

ਤੇਰੇ ਸਿਦਕ ਦਾ ਕੋਈ ਸਾਨੀ
ਦੁਨੀਆਂ 'ਤੇ ਇਨਸਾਨ ਨਹੀਂ ਹੋਣਾ।
ਤੇਰੇ ਵਾਂਗੂੰ ਅਰਸ਼ੀ ਦਾਤਾ
ਹੋਰ ਕਿਸੇ ਕੁਰਬਾਨ ਨਹੀਂ ਹੋਣਾ।

ਤੇਰੇ ਜਾਮ ਸ਼ਹਾਦਤ ਵਿਚੋਂ
ਉਠਦੇ ਗੂੰਜ ਜੈਕਾਰੇ ਤੱਕੇ।
ਚਾਰ ਚੁਫੇਰੇ ਕੌਮ ਦੇ ਸੀਨੇ
ਮੱਘਦੇ ਜੋਸ਼ ਅੰਗਾਰੇ ਤੱਕੇ।
ਆਪਾਵਾਰੀ ਝੂੰਮਦੀ ਤੱਕੀ
ਅਣਖੀ ਤੇਜ਼ ਸ਼ਰਾਰੇ ਤੱਕੇ।
ਜੋਸ਼ ਜੁਆਲਾ ਲੈ ਲੈ ਭੱਜਦੇ
ਪੌਣਾਂ ਦੇ ਹਰਕਾਰੇ ਤੱਕੇ।

ਤੇਰੀ ਸ਼ਾਂਤ ਸ਼ਹਾਦਤ ਜੇਹਾ
ਮਾਰੂ ਕਿਸੇ ਤੂਫ਼ਾਨ ਨਹੀਂ ਹੋਣਾ।
ਤੇਰੇ ਵਾਂਗੂੰ ਦੀਨ ਦੀ ਖ਼ਾਤਿਰ
ਹੋਰ ਕਿਸੇ ਕੁਰਬਾਨ ਨਹੀਂ ਹੋਣਾ।

ਤੱਕੇ ਤੇਰੇ ਸਿਦਕੀ ਸੂਰੇ
ਬੇਖ਼ੌਫ਼ ਖੇਡਦੇ ਜਾਨਾਂ ਉਤੇ।
ਮੌਤ ਨੂੰ ਨਾਚ ਨਚਾਉਂਦੇ ਤੱਕੇ
ਖੰਡਿਆਂ ਤੇ ਕਿਰਪਾਨਾਂ ਉਤੇ।
ਵਾਂਗ ਪਤੰਗਿਆਂ ਦੇਖੇ ਸੜਦੇ
ਜ਼ੁਲਮ ਦਿਆਂ ਤੂਫ਼ਾਨਾਂ ਉਤੇ।
ਆਰੇ ਰੰਬੀਆਂ ਚਲਦੇ ਤੱਕੇ
ਸਿੱਖੀ ਆਨਾਂ ਸ਼ਾਨਾਂ ਉਤੇ।

ਹੋਰ ਕਿਸੇ ਇਤਿਹਾਸ ਦਾ ਵਰਕਾ
ਏਨਾ ਲਹੂ ਲੁਹਾਨ ਨਹੀਂ ਹੋਣਾ।
ਤੇਰੇ ਵਾਂਗੂੰ ਅਰਸ਼ੀ ਦਾਤਾ
ਹੋਰ ਕਿਸੇ ਕੁਰਬਾਨ ਨਹੀਂ ਹੋਣਾ।

(ਪੁਸਤਕ *'ਨਾਨਕ ਦੁਨੀਆ ਕੈਸੀ ਹੋਈ'* ਵਿਚੋਂ)



Namdhari Elibrary NamdhariElibrary@gmail.com

## ਦਰਦ

*—ਨੀਲਮ ਸੰਜੀਵ*

ਮੇਰੇ ਆਪਣੇ ਘਰ ਦੇ ਦੀਵੇ ਤੋਂ
ਘਰ ਸੜਦਾ ਸੜਦਾ ਲਗਦਾ ਹੈ।
ਮੇਰੇ ਚਿਤ ਨੂੰ ਆਪਣੇ ਆਪੇ ਤੋਂ
ਪਿਆ ਆਪਣੇ ਤੋਂ ਡਰ ਲਗਦਾ ਹੈ।

ਖੁਸ਼ੀਆਂ ਜੱਗ ਤੋਂ ਲੈ ਲੈ ਕੇ
ਮੈਂ ਆਪਣਾ ਘਰ ਸਜਾਇਆ ਸੀ।
ਲੈ ਚਾਨਣ ਸੁੱਚਿਆਂ ਚਾਵਾਂ ਦਾ
ਦਰ ਆਪਣੇ ਨੂੰ ਚਮਕਾਇਆ ਸੀ।
ਹੁਣ ਸਿਖਰ ਦੁਪੈਹਰਾਂ ਵਾਂਗਰ ਹੀ
ਮੈਨੂੰ ਤਪਦਾ ਤਪਦਾ ਲਗਦਾ ਹੈ।
ਮੇਰੇ ਆਪਣੇ ਘਰ ਦੇ...............

ਮੈਨੂੰ ਸਮੇਂ ਉੱਤੇ ਕੋਈ ਸ਼ਿਕਵਾ ਨਹੀਂ
ਮੈਨੂੰ ਸਮੇਂ ਨਾਲ ਕੋਈ ਰੋਸਾ ਨਹੀਂ।
ਆਪੇ ਰੁੱਸ ਕੇ ਆਪੇ ਮੰਨਦੀ ਰਹੀ
ਸਭਨਾਂ ਦੀ ਸੁੱਖ ਮੰਗਦੀ ਰਹੀ।
ਪਰ ਸਮੇਂ ਦੇ ਜਾਬਰ ਧੋਖੇ ਤੋਂ
ਦਿਲ ਹਰਦਾ ਹਰਦਾ ਲਗਦਾ ਹੈ।
ਮੇਰੇ ਆਪਣੇ ਘਰ ਦੇ...............

ਜਦ ਕੋਮਲ ਕਲੀਆਂ ਤੱਕਦੀ ਹਾਂ
ਮੇਰੇ ਹਾਸੇ ਰੁੱਸ ਰੁੱਸ ਬਹਿੰਦੇ ਨੇ।
ਮੇਰੇ ਹਾਣੀ ਮੇਰੇ ਬੀਤੇ ਦੇ
ਕੰਨਾਂ ਵਿੱਚ ਕੁੱਝ ਕੁੱਝ ਕਹਿੰਦੇ ਨੇ।
ਕੀ ਦੱਸਾਂ ਸੰਦਲੀ ਸਾਹਵਾਂ ਦਾ
ਵੇਖ ਵੇਖ ਦਿਲ ਭਰਦਾ ਹੈ।
ਮੇਰੇ ਆਪਣੇ ਘਰ ਦੇ...............

ਮੇਰੇ ਸੁਫਨੇ ਮੰਨਤਾਂ ਮੰਗਦੇ ਨੇ
ਪਰ ਕੁਝ ਵੀ ਹਾਸਲ ਹੋਇਆ ਨਾ।
ਨਾ ਫੁੱਲ ਵਿੱਚ ਵਸਦੀ ਮਹਿਕ ਮਿਲੀ
ਮੇਰੇ ਕੋਲ ਵੀ ਕੋਈ ਖਲੋਇਆ ਨਾ।
ਛੱਡ ਜਾਵਾਂ ਰੰਗਲੀ ਦੁਨੀਆਂ ਨੂੰ
ਹੁਣ ਇਹੋ ਹੀ ਦਿਲ ਕਰਦਾ ਹੈ।
ਮੇਰੇ ਆਪਣੇ ਘਰ ਦੇ...............

ਹੁਣ ਆਸਾਂ ਦੇ ਇਸ ਬੂਟੇ ਤੋਂ
ਛਾਂ ਸੰਘਣੀ ਸੰਘਣੀ ਲੱਗਦੀ ਨਹੀਂ।
ਜੋ ਸੀਨੇ ਨੂੰ ਠੰਡ ਪਾਉਂਦੀ ਸੀ
ਉਹ ਸਰਗੀ ਦੀ 'ਵਾ' ਵਗਦੀ ਨਹੀਂ।
ਮੈਨੂੰ ਹੰਝੂਆਂ ਦੇ ਦਰਿਆਵਾਂ ਵਿੱਚ
ਦਿਲ ਹੜਦਾ ਹੜਦਾ ਲਗਦਾ ਹੈ।
ਮੇਰੇ ਆਪਣੇ ਘਰ ਦੇ...............

*ਕੁਆਟਰ ਨੰ : 19, ਸ਼ੂਗਰ ਮਿਲ*
*ਫਗਵਾੜਾ*

## ਰੱਖ ਤਲੀਆਂ ਤੇ ਅੰਗਿਆਰ ਕੁੜੇ

*—ਤੁਲੀ ਫ਼ਕੀਰ ਚੰਦ*

ਰੱਖ ਤਲੀਆਂ ਤੇ ਅੰਗਿਆਰ ਕੁੜੇ
ਛੱਡ ਤੁਰਿਆ ਰਾਂਝਣ ਯਾਰ ਕੁੜੇ

ਵੱਲ ਆਇਆ ਤੈਨੂੰ ਜਾਨਣ ਦਾ
ਗਲੀਆਂ ਦਾ ਘੱਟਾ ਛਾਨਣ ਦਾ
ਧੂੜਾਂ 'ਚੋਂ ਯਾਰ ਪਛਾਨਣ ਦਾ
ਖੇਹ ਉੱਤੇ ਖੇਹ ਅਸਵਾਰ ਕੁੜੇ

ਦਰਸ਼ਨ ਤੇ ਓਹਦੀ ਦੀਦ ਕੁੜੇ
ਨਹੀਂ ਹੋਣੀ ਐਸੀ ਈਦ ਕੁੜੇ
ਤੂੰ ਕੀਤੀ ਫ਼ਜ਼ਰ ਸ਼ਹੀਦ ਕੁੜੇ
ਥਲ ਅੰਦਰ ਹੈ ਮੰਝਧਾਰ ਕੁੜੇ

ਕੁਝ ਤੋੜ ਕੁੜੇ—ਕੁਝ ਜੋੜ ਕੁੜੇ
ਹੈ ਕੀ ਬੁੱਤਾਂ ਦੀ ਹੋੜ ਕੁੜੇ
ਕਦ ਆ ਜਾਵੇ ਮਚਕੋੜ ਕੁੜੇ
ਕੱਚਿਆਂ ਤੋਂ ਕਰ ਜਾ ਪਾਰ ਕੁੜੇ

ਨਾ ਅੱਧੀ ਦਾ ਨਾ ਸਾਰੀ ਦਾ
ਨਾ ਕੋਈ ਭਰੋਸਾ ਵਾਰੀ ਦਾ
ਨਾ ਅਸ਼ਵ ਤੇ ਨਾ ਅਸਵਾਰੀ ਦਾ
ਚੱਲੇ ਹਾਂ ਬਾਜ਼ੀ ਹਾਰ ਕੁੜੇ

ਹੁਣ ਕੀ ਤੇਰਾ ਪਛਤਾਵਾ ਹੈ
ਮਿੱਟੀ ਦਾ ਅੜੀਅਲ ਬਾਵਾ ਹੈ
ਘੁਮਿਆਰ ਦਾ ਮਚਦਾ ਆਵਾ ਹੈ
ਹੈ ਬੇਪਰਵਾਹ ਘੁਮਿਆਰ ਕੁੜੇ

ਰਾਹੀ ਦੇ ਬਾਝੋਂ ਰਾਹਵਾਂ ਨੇ
ਪੱਤਰਾਂ ਦੇ ਬਾਝੋਂ ਛਾਵਾਂ ਨੇ
ਇਹ ਰਾਂਝਣ ਦਾ ਸਰਨਾਵਾਂ ਨੇ
ਤੂੰ ਲੁੱਟੇ ਤਖਤ ਹਜ਼ਾਰ ਕੁੜੇ

ਰਾਹ ਮੌਤ ਮੇਰੀ ਦੇ ਹਾਣੀ ਦਾ
ਇਹ ਰਾਹ ਅੱਖੀਆਂ ਦੇ ਪਾਣੀ ਦਾ
ਭੱਠ ਪੈ ਕੇ ਇਸਨੂੰ ਜਾਣੀਦਾ
ਤਾਅ ਤੱਕਦਾ ਹੈ ਭਠਿਆਰ ਕੁੜੇ

ਕੀਤੇ ਵਿਰਲਾਪ ਹਵਾਵਾਂ ਨੇ
ਕੁੱਝ ਧੁੱਪਾਂ ਨੇ ਕੁੱਝ ਛਾਵਾਂ ਨੇ
ਨਜ਼ਰਾਂ ਤੋਂ ਬਿਨਾਂ ਨਿਗਾਹਾਂ ਨੇ
ਰੱਖ ਦਿਲ ਨੂੰ ਠੰਡਾ-ਠਾਰ ਕੁੜੇ

ਹੁਣ ਕੀ ਕਰਨੇ ਦਿਨ ਚਾਰ ਕੁੜੇ
ਹੱਥਾਂ ਵਿੱਚ ਪਕੜ ਕਟਾਰ ਕੁੜੇ
ਇਹ ਮੇਰੀ ਹਿੱਕ ਵਿੱਚ ਮਾਰ ਕੁੜੇ
ਤਨ-ਮਨ ਨੂੰ ਕਰਦੇ ਪਾਰ ਕੁੜੇ।



Namdhari Elibrary NamdhariElibrary@gmail.com

# ਅੱਜ ਦੀ ਕਿਸਾਨੀ

—ਮਾ. ਅਮਰੀਕ ਸਿੰਘ

## ਚੇਤਰ

ਚੇਤਰ ਚਿਤਵਨੀ ਚਿੱਤ ਵਿੱਚ ਰਹੇ ਲੱਗੀ
ਕਦੋਂ ਦੁਖ ਸਾਡੇ ਮਗਰੋਂ ਲਹਿਣਗੇ ਜੀ।
ਕਣਕ ਪੱਕੀ ਵੱਢ ਗਾਹ ਗੋਦਾਮ ਭਰਨੇ
ਖਾਲੀ ਪੇਟ ਐਪਰ ਸਾਡੇ ਰਹਿਣਗੇ ਜੀ।
ਬੈਂਕਾਂ ਵਾਲੇ ਤੇ ਆੜ੍ਹਤੀ ਭੂਤ ਬਣ ਕੇ,
ਸਾਡੇ ਬੂਹਿਆਂ ਅੱਗੇ ਆ ਕੇ ਬਹਿਣਗੇ ਜੀ।
ਰਕਮ ਬਣਨੀ ਨਾ ਜ਼ਾਲਮ ਫਿਰ ਖ਼ਫਾ ਹੋ ਕੇ,
ਗੱਲਾਂ ਸਾਨੂੰ ਅਵੱਲੀਆਂ ਕਹਿਣਗੇ ਜੀ।
ਆਵੇ ਸਮਝ ਨਾ ਫੀਲ ਗੁਡ ਫ਼ੈਕਟਰਾਂ ਦੀ,
ਹੋਕੇ ਬਣ-ਬਰਛੇ ਸੀਨੇ ਡਹਿਣਗੇ ਜੀ।
ਸਾਡੇ ਵੇਖ ਕੇ ਦੁਖੜੇ ਰੱਬ ਦੇ ਵੀ,
ਹੰਝੂ ਤ੍ਰਿਪ ਤ੍ਰਿਪ ਅੱਖਾਂ ਚੋਂ ਵਹਿਣਗੇ ਜੀ।

## ਵੈਸਾਖ

ਵੇਖੋ ਵਿੱਚ ਵੈਸਾਖ ਕੀ ਹਾਲ ਹੋਇਆ,
ਕਣਕ ਗਈ ਮੰਡੀ ਤੂੜੀ ਰਹਿ ਗਈ ਏ।
ਜਦੋਂ ਹੋਇਆ ਹਿਸਾਬ ਤਾਂ ਰਕਮ ਟੁੱਟੀ,
ਗੱਡੀ ਅਕਲ ਵਾਲੀ ਲੀਹੋਂ ਲਹਿ ਗਈ ਏ।
ਕੀਕਰ ਤਰਨ ਕਿਸ਼ਤਾਂ ਸੌਦਾ ਕਿਵੇਂ ਆਵੇ
ਸੋਚ ਪਕੜ ਮੱਥਾ ਭੁੰਜੇ ਬਹਿ ਗਈ ਏ।
ਹਿੰਮਤ ਕੀਤੀ ਤੇ ਸੋਚਿਆ ਅਗੋਂ ਨੂੰ ਸਹੀ
ਏਦਾ ਸੱਟ ਕਿਸਾਨੀ ਇਹ ਸਹਿ ਗਈ ਏ।
ਅਗਲੇ ਸਾਲ ਏਦੂੰ ਬੁਰਾ ਹਾਲ ਹੋਣਾ,
ਲਿਸਟ ਖਾਦਾਂ ਦੀ ਕੰਨ ਵਿੱਚ ਕਹਿ ਗਈ ਏ।
ਦੱਬੇ ਹੋਇਆਂ ਤੇ ਹੋਰ ਦਬਾ ਪੈਣਾਂ
ਨਦੀ ਹੰਝੂਆਂ ਦੀ ਅਖੋਂ ਵਹਿ ਗਈ ਏ।

## ਜੇਠ

ਚੜ੍ਹਿਆ ਜੇਠ ਜਵਾਨ ਹੋ ਗਈ ਗਰਮੀ,
ਨਿੰਮੋਝੂਣਾ ਕਿਸਾਨ ਫਿਰ ਉਠਿਆ ਏ।
ਸੁੱਕੇ ਖੇਤ ਟਰੈਕਟਰਾਂ ਦੇ ਨਾਲ ਵਾਹੇ
ਝਾੜ ਬੂਟ ਸਾਰਾ ਜੜ੍ਹੋਂ ਪੁੱਟਿਆ ਏ।
ਵੱਟਾਂ ਛਾਂਗ ਕੇ ਖਾਲਿਆ ਖਾਕਿਆਂ ਨੂੰ
ਸਾਰੇ ਵਾਹਨ ਨੂੰ ਪੀਸਾ ਕਰ ਸੁੱਟਿਆ ਏ।
ਕਰਜ਼ਾ ਲਾਹਣ ਲਈ ਨਵਾਂ ਉਤਸ਼ਾਹ ਲੈਕੇ,
ਕਮਰ ਕੱਸ ਕੇ ਵਾਹੀ ਨੂੰ ਜੁੱਟਿਆ ਏ।
ਝੋਨੇ ਲਈ ਪਨੀਰੀਆਂ ਉੱਗ ਆਈਆਂ,
ਕੰਮ ਕਰੇ ਪਰ ਅੰਦਰੋਂ ਟੁੱਟਿਆ ਏ।
ਨਰਮੇ ਅਤੇ ਕਪਾਹੋਂ ਨਦੀਨ ਕਢਿਆ
ਐਪਰ ਦਿਲੋਂ ਰਹਿੰਦਾ ਘੁਟਿਆ ਘੁਟਿਆ ਏ।

## ਹਾੜ੍ਹ

ਹਾੜ੍ਹ ਹੋਇਆ ਹੈਰਾਨ ਕਿਸਾਨ ਨੂੰ ਤੱਕ,
ਇਹਦੀ ਘਾਲ ਕਿੰਨੀ ਉਹਦਾ ਮੁੱਲ ਕੀ ਏ ?
ਨਵੇਂ ਢੰਗਾਂ ਦੇ ਨਾਲ ਉਹ ਕਰੇ ਖੇਤੀ,
ਕਰੜੀ ਮਿਹਨਤ ਦੇ ਦੱਸੋ ਫਿਰ ਤੁੱਲ ਕੀ ਏ ?
ਪੈਂਦੀ ਗਰਮੀ ਤੇ ਚਲਦੀਆਂ ਗਰਮ ਲੋਆਂ,
ਝੱਲਦਾ ਸਿਰਾਂ ਤੇ ਪਰ ਖਿੜਦਾ ਗੁੱਲ ਕੀ ਏ ?
ਇਹਨੂੰ ਲੁੱਟਣ ਲਈ ਚਾਰ ਚੁਫੇਰ ਵੇਖੋ,
ਬੰਨ੍ਹਿਆਂ ਲੋਟੂਆਂ ਥਾਂ ਥਾਂ ਪੜੁੱਲ ਕੀ ਏ ?
ਛੇਕੜ ਜੇਠ ਅਗੇਤਰਾ ਲਾ ਝੋਨਾ,
ਦੱਸੋ ਏਸ ਵਿੱਚ ਹੋ ਗਈ ਭੁੱਲ ਕੀ ਏ ?
ਗਰਮੀ ਅੱਤ ਦੀ ਬਾਰਸ਼ਾਂ ਲੇਟ ਹੋਈਆਂ,
ਪੂਰਾ ਸੱਚ ਹੈ ਏਸ ਵਿਚ ਠੁੱਲ੍ਹ ਕੀ ਏ ?

## ਸੌਣ

ਸੌਣ ਸੁੱਕਾ ਹੀ ਲੰਘਦਾ ਜਾ ਰਿਹਾ ਏ,
ਬਾਰਸ਼ ਆਵੇ ਨਾ ਆਵੇ ਇਹ ਪਤਾ ਹੀ ਨਹੀਂ।
ਖਾਦ ਪਈ ਸਪਰੇਆਂ ਵੀ ਕੀਤੀਆਂ ਨੇ,
ਖੇਤੀ ਕੌਣ ਬਚਾਵੇ ਇਹ ਪਤਾ ਹੀ ਨਹੀਂ।
ਵਰਖਾ ਹੋਈ ਤਾਂ ਰੋੜ੍ਹ ਲੈ ਜਾਊ ਸਭ ਕੁਝ
ਖੇਤ ਸਣੇ ਕੋਸੀ ਨ੍ਹਾਵੇ ਇਹ ਪਤਾ ਹੀ ਨਹੀਂ।
ਸੋਕੇ ਡੋਬੇ ਦੇ ਗੇੜ ਚੋਂ ਕੌਣ ਕੱਢੇ,
ਬੇੜੀ ਕੌਣ ਤਰਾਵੇ ਇਹ ਪਤਾ ਹੀ ਨਹੀਂ।
ਔੜ ਸੋਕ ਨੇ ਕੀਤਾ ਹੈਰਾਨ ਬਹੁਤਾ,
ਕਿਹੜਾ ਸੁਖੀ ਵਸਾਵੇ ਇਹ ਪਤਾ ਹੀ ਨਹੀਂ।
ਫਸਲ ਹੋਵੇ ਨਾ ਹੋਵੇ ਹੈ ਸ਼ਹੁ ਬੇੜਾ,
ਮੁੱਕਣ ਕਦੋਂ ਕਹਾਵੇ ਇਹ ਪਤਾ ਹੀ ਨਹੀਂ।



Namdhari Elibrary NamdhariElibrary@gmail.com

### ਭਾਦੋਂ

ਭੈੜੀ ਭਾਦਰੋਂ ਦੀ ਐਸੀ ਰੁੱਤ ਆਈ,
ਮੱਛਰ ਮੱਖੀਆਂ ਬੜਾ ਹੀ ਤੰਗ ਕੀਤਾ।
ਦਿਨੇ ਮੱਖੀਆਂ ਰਾਤ ਨੂੰ ਲੜੇ ਮੱਛਰ,
ਮਰਦੇ ਨਹੀਂ ਇਹ ਬੜਾ ਹੀ ਜੰਗ ਕੀਤਾ।
ਓਧਰ ਫ਼ਸਲਾਂ ਤੇ ਮੁਰਦਨੀ ਛਾਈ ਹੋਈ ਏ,
ਵਾਧੂ ਖਰਚਿਆਂ ਨੰਗ ਮਲੰਗ ਕੀਤਾ।
ਨਕਲੀ ਆਈ ਦਵਾਈ ਬਾਜ਼ਾਰ ਅੰਦਰ,
ਜਿਸ ਨੇ ਤੇਲੇ ਦਾ ਘੱਟ ਨਾ ਡੰਗ ਕੀਤਾ।
ਖਾਤਾ ਆੜ੍ਹਤੀ ਦਾ ਵੱਧਦਾ ਜਾ ਰਿਹਾ ਏ,
ਇਸਨੇ ਚੈਨ ਕਿਸਾਨ ਦਾ ਭੰਗ ਕੀਤਾ।
ਕਰਜ਼ਾ ਘਟਣ ਦੀ ਥਾਂ ਜਾਪੇ ਵਧੇਗਾ ਹੀ,
ਵਾਹੀਵਾਨਾਂ ਦਾ ਪੀਲਾ ਏ ਰੰਗ ਕੀਤਾ।

### ਅੱਸੂ

ਅੱਸੂ ਅੰਤ ਕਿਸਾਨੀ ਝਮੇਲਿਆਂ ਦਾ,
ਕਦੋਂ ਹੋਵੇਗਾ ਕੋਈ ਵੀ ਜਾਣਦਾ ਨਹੀਂ।
ਸੰਕਟ ਰੱਬ ਵੀ ਤਾਂ ਵਾਹੀਵਾਨ ਵਾਲੇ,
ਜਤਨ ਕਰਦਾ ਮੁਸੀਬਤ ਹਟਾਣਦਾ ਨਹੀਂ।
ਫ਼ਸਲ ਸੁੱਕਦੀ ਏ ਕਦੇ ਡੁੱਬਦੀ ਏ,
ਚੱਕਰ ਮੁਕਦਾ ਡੋਲਣ ਡੁਲਾਣ ਦਾ ਨਹੀਂ।
ਕਰਜ਼ਾ ਵਧਣ ਦੇ ਚਾਨਸ ਨੇ ਵਧੀ ਜਾਂਦੇ,
ਕੀਤਾ ਜਤਨ ਦੱਸ ਕਿਹੜਾ ਘਟਾਣ ਦਾ ਨਹੀਂ।
ਐਸਾ ਹਾਲਤ ਹੀ ਰਹੀ ਕਿਸਾਨ ਦੀ ਜੇ,
ਜੀਣਾ ਹੋਣਾ ਮੁਹਾਲ ਕਿਸਾਨ ਦਾ ਨਹੀਂ ?
ਸਾਰੀ ਦੁਨੀਆਂ ਨੂੰ ਅੰਨ ਪੁਚਾਣ ਵਾਲਾ
ਜੀਵਨ ਰਿਹਾ ਬਿਤਾ ਅਪਮਾਨ ਦਾ ਨਹੀਂ ?

### ਕੱਤਕ

ਕੱਤਕ ਕਰਮਾਂ ਦੀ ਖੇਡ ਹੈ ਸਾਈ ਲੋਕੋ,
ਲਿਆ ਫ਼ਸਲ ਨੂੰ ਘੇਰ ਬੀਮਾਰੀਆਂ ਨੇ।
ਸੁੰਡੀ ਪਈ ਅਮਰੀਕਨ ਹੈ ਨਰਮਿਆਂ ਨੂੰ
ਝੁਲਸੇ ਕੀਤੀਆਂ ਖੂਬ ਤਿਆਰੀਆਂ ਨੇ।
ਓਧਰ ਆੜ੍ਹਤੀ ਦਾ ਖਾਤਾ ਵਧੀ ਜਾਂਦਾ,
ਵੇਖ ਵੇਖ ਜਿਸ ਨੂੰ ਅਕਲਾਂ ਹਾਰੀਆਂ ਨੇ।
ਇਹਨਾਂ ਤੇਲਾ ਤੇ ਸੁੰਡੀ ਹੈ ਮਾਰਨੀ ਕੀ
ਨਾੜਾਂ ਦਿਲ ਦਿਮਾਗ ਦੀਆਂ ਠਾਰੀਆਂ ਨੇ।
ਕੀੜੇ ਮਾਰ ਦਵਾਈਆਂ ਦੇ ਬਿਲ ਵੱਡੇ,
ਲੈ ਲਈਆਂ ਬਾਜ਼ਾਰੋਂ ਹੁਦਾਰੀਆਂ ਨੇ।
ਕਾਹਦੀ ਫ਼ਸਲ ਪੱਕੀ ਨੇੜੇ ਮੌਤ ਜਾਪੇ,
ਡੋਲ ਰਹੀਆਂ ਅਜ ਸਭੇ ਸਰਦਾਰੀਆਂ ਨੇ।

### ਮੱਘਰ

ਮੱਘਰ ਮਾਹ ਮੁਸੀਬਤਾਂ ਹੋਰ ਵਧੀਆਂ,
ਫ਼ਸਲ ਪੱਕਣ ਤੇ ਆਈ ਕਿਸਾਨ ਦੀ ਜਾਂ।
ਬੈਂਕਾਂ ਵਾਲੇ ਤੇ ਆੜ੍ਹਤੀ ਜਮ ਬਣਕੇ,
ਕੱਢਣ ਆਏ ਨੇ ਜਾਨ ਇਨਸਾਨ ਦੀ ਜਾਂ।
ਫ਼ਸਲ ਥੋੜੀ ਜ਼ਰੂਰਤਾਂ ਬਹੁਤੀਆਂ ਨੇ
ਯਾਦ ਆਈ ਏ ਅਗਲੇ ਭੁਗਤਾਨਾ ਦੀ ਜਾਂ।
ਖਾਤੇ ਆਖਿਆ ਹੋਈ ਏ ਰਕਮ ਦੂਣੀ,
ਗਲ ਤੁਰੀ ਹਿਸਾਬ ਚੁਕਾਨ ਦੀ ਜਾਂ।
ਚਲੋ! ਅਗੋਂ ਸਹੀ ਆਖ ਕੇ ਉਠ ਤੁਰਿਆ,
ਰੁੱਤ ਆ ਗਈ ਹਾੜ੍ਹੀ ਬੀਜਾਣ ਦੀ ਜਾਂ।
ਖਾਦਾਂ ਬੀਜ ਦਾ ਮਸਾਂ ਪ੍ਰਬੰਧ ਕੀਤਾ,
ਟੇਕ ਹਾੜੀ ਤੇ ਰੱਖੀ ਕੁਝ ਲਾਹਣ ਦੀ ਜਾਂ।

### ਪੋਹ

ਪੋਹ ਚੜ੍ਹਿਆ ਤੇ ਪਈ ਏ ਖੋਹ ਦਿਲ ਨੂੰ,
ਕਰਜ਼ੇ ਕਿਵੇਂ 'ਰੱਬਾ ਸਿਰੋਂ ਲਹਿਣਗੇ ਵੇ।
ਚਿੰਤਾ ਚਿੱਤ ਨੂੰ ਚਿਖਾ ਬਣ ਸਾੜ ਰਹੀ ਏ,
ਕਦੋਂ ਪਰਬਤ ਇਹ ਦੁੱਖਾਂ ਦੇ ਢਹਿਣਗੇ ਵੇ।
ਕਦੋਂ ਸੁਰਖਰੂ ਹੋਣ-ਕਿਸਾਨ ਸਾਰੇ,
ਬੈਠ ਧੂਏਂ ਤੇ ਕੱਠੇ ਹੋ ਕਹਿਣਗੇ ਵੇ।
ਕਣਕਾਂ ਕਿੰਨੀਆਂ ਕੁ ਦੱਸੋ ਹੋਣਗੀਆਂ,
ਲੋਕੀ ਕਰਜ਼ੇ ਦੇ ਭਾਰ ਨੂੰ ਸਹਿਣਗੇ ਵੇ।
ਜਿੰਦ ਐਸੀ ਕੁੜਿੱਕੀ 'ਚ ਫਸੀ ਸਭਦੀ,
ਕਣਕ ਨਾੜ ਵਾਂਗੂ ਜੱਟ ਰਹਿਣਗੇ ਵੇ।
ਕਿਸੇ ਬਾਤ ਕਿਸਾਨਾਂ ਦੀ ਪੁੱਛਣੀ ਨਹੀਂ,
ਸਦਾ ਇਸ ਤਰ੍ਹਾਂ ਹੀ ਰੋਂਦੇ ਰਹਿਣਗੇ ਵੇ।

### ਮਾਘ

ਮਾਘ ਮਾਹ ਬਸੰਤ ਬਹਾਰ ਆਈ,
ਪਤਝੜ ਕਦੋਂ ਕਿਸਾਨ ਦੀ ਮੁੱਕਣੀ ਏ।
ਖਾਤੇ ਵਧੀ ਜਾਣੇ ਆਮਦਨ ਘਟੀ ਜਾਣੀ,
ਨਦੀ ਘਾਟੇ ਦੀ ਕਦੀ ਨਾ ਸੁੱਕਣੀ ਏ।


Namdhari Elibrary NamdhariElibrary@gmail.com

## ਸ਼ਹੀਦੀ ਗੁਰੂ ਅਰਜਨ ਦੇਵ ਜੀ

*—ਗਿਆਨ ਸਿੰਘ ਕੋਟਲੀ*

ਅੰਬਰ ਵਿੰਹਦੇ ਕੰਬਦੇ
ਹੋ ਹੋ ਨੇੜੇ ਦੂਰ।
ਧਰਤੀ ਲਾਟਾਂ ਛੱਡਦੀ
ਤਪਦੀ ਜਿਓਂ ਤੰਦੂਰ
ਆਹਾਂ ਸੇਕ ਉਠਾਲਿਆ
ਵੇਖਣ ਕਹਿਰ ਕਲੂਰ।
ਜ਼ੁਲਮ ਹਨ੍ਹੇਰੀ ਤੱਕ ਕੇ
ਹਿਰਦਾ ਹੁੰਦਾ ਚੂਰ।

ਭਾਣੇ ਭਰੀ ਅਡੋਲਤਾ
ਮੱਥੇ ਵੱਟ ਨਾ ਘੂਰ।
ਤਵੀਆਂ ਜਾਪਣ ਠੰਢੀਆਂ
ਤੇ ਲੈਂਦਾ ਪਿਆ ਸਰੂਰ।

ਝੁਲਸਣ ਫੁੱਲ ਸੁਵੰਨਗੀ
ਗਰਮ ਹਵਾੜ੍ਹਾਂ ਘੇਰ।
ਥੱਲੇ ਤਵੀਆਂ ਤੱਤੀਆਂ
ਉਤੋਂ ਰੇਤਾ ਢੇਰ।
ਕੋਮਲ ਫੁੱਲ ਨੁਹਾਲਦੇ
ਤੱਤੇ ਪਾਣੀ ਕੇਰ।
ਪੱਤੀਆਂ ਰੂਪ ਸ਼ਿੰਗਾਰਿਆ
ਛਾਲੇ ਬਣੇ ਘਨੇਰ।

ਭਾਂਜੇ ਵਿੱਚ ਅਡੋਲਤਾ
ਹਿਰਦਾ ਤਪੇ ਨਾ ਭੂਰ।
ਤਵੀਆਂ ਜਾਪਣ ਠੰਢੀਆਂ
ਤੇ ਲੈਂਦਾ ਪਿਆ ਸਰੂਰ।

ਫ਼ਸਲ ਵੈਸੇ ਤਾਂ ਮਾਰਦੀ ਬਹੁਤ ਚਾਰਾ,
ਐਪਰ ਵਿਆਜ ਓਹਲੇ ਸਾਰੀ ਲੁੱਕਣੀ ਏ।
ਸਾਰੇ ਜਗਤ ਨੂੰ ਅੰਨ ਪੁਚਾਣ ਵਾਲਾ,
ਇਹਨੂੰ ਲੱਗੀ ਰਹਿਣੀ ਤੰਗੀ ਤੁਖਣੀ ਏ।
ਐਸਾ ਘੇਰਿਆ ਔਕੜਾਂ ਜੱਟ ਤਾਂਈ,
ਧੌਣ ਹੋਰ ਹਾਲੇ ਇਹਦੀ ਝੁੱਕਣੀ ਏ।
ਇਹਨਾਂ ਖਾਤਿਆਂ ਦਿਨੋਂ ਦਿਨ ਵਧੀ ਜਾਣਾ,
ਇਹ ਨਾ ਤੰਗੀਆਂ ਦੀ ਰੇਲ ਰੁਕਣੀ ਏ।

### ਫੱਗਣ

ਫੱਗਣ ਫਸਲ ਆਈ ਫਲਾਂ ਸਿੱਟਿਆਂ ਤੇ,
ਵੇਖ ਵੇਖ ਕਿਸਾਨ ਗ਼ਮਗੀਨ ਹੋਇਆ।
ਖੇਤ ਮੇਰਾ ਤੇ ਕਣਕ ਬਿਗਾਨੜੀ ਏ,
ਸਭ ਕੁਝ ਹੁੰਦਿਆਂ ਔਖਾ ਏ ਜੀਣ ਹੋਇਆ।
ਮਾਲਕ ਉਂਜ ਤਾਂ ਹੈ ਮੁਰੱਬਿਆਂ ਦਾ,
ਸਾਰੇ ਜੱਗ ਦਾ ਐਪਰ ਅਧੀਨ ਹੋਇਆ।
ਰਹਿੰਦਾ ਸੋਚਦਾ ਬਣੇਗਾ ਕੀ ਯਾਰੋ,
ਦੁਨੀਆਂ ਰਹੀ ਨਾ ਆਪਣਾ ਦੀਨ ਹੋਇਆ।
ਸਾਰੇ ਜੀਵਨ ਦੇ ਚਾਅ ਉਤਸ਼ਾਹ ਮੁੱਕੇ,
ਘਰ ਵਿੱਚ ਡੂੰਘੀ ਉਦਾਸੀ ਦਾ ਸੀਨ ਹੋਇਆ।
ਕਣਕ ਪੱਕਣੀ ਵੱਢਣੀ ਗਾਹ ਲੈਣੀ,
ਕੁਝ ਨਹੀਂ ਬਣਨਾ ਇਹ ਪੱਕਾ ਯਕੀਨ ਹੋਇਆ।

### ਅਖੀਰ ਵਿੱਚ ਕੀ ਹੋਣੈ

ਸਾਲ ਬੀਤਿਆ ਹੋਰ ਵੀ ਬੀਤ ਜਾਣਾ,
ਸੁਖੀ ਜਾਪਦਾ ਏ ਨਹੀਂ ਜਾਨ ਹੋਣਾਂ।
ਏਸੇ ਤਰ੍ਹਾਂ ਹੀ ਗੇੜ ਨੜਿੰਨਵੇਂ ਦਾ,
ਮੁੱਕਣਾ ਨਹੀਂ ਦੁਖੀ ਵਾਹੀਵਾਣ ਹੋਣਾਂ।
ਆਖਰ ਵੇਚ ਕੇ ਜੱਦੀ ਜ਼ਮੀਨ ਸਾਰੀ,
ਸ਼ਹਿਰਾਂ ਵੱਲ ਹੈ ਸਭਨੇ ਰਵਾਨ ਹੋਣਾਂ।
ਜਾਂ ਫਿਰ ਲੱਖਾਂ ਰੁਪਈਆਂ ਦੀ ਦੇ ਰਿਸ਼ਵਤ,
ਦੂਜੇ ਦੇਸ਼ਾਂ ਨੂੰ ਉਡਣ ਉਡਾਣ ਹੋਣਾਂ।
ਨਹੀਂ ਤੇ ਬਣਨਾ ਮਜ਼ੂਰ ਹੈ ਫ਼ੈਕਟਰੀ ਦਾ,
ਏਦੂੰ ਬਿਨਾਂ ਨਹੀਂ ਉੱਕਾ ਗੁਜਰਾਨ ਹੋਣਾਂ।
ਕਈਆਂ ਬਦਲਣ ਲਈ ਥੋਂਦਾ ਨਿਜ਼ਾਮ ਸਾਰਾ,
ਸ਼ਾਮਲ ਹੋਣਾ ਜੋ ਚੜ੍ਹਿਆ ਤੂਫ਼ਾਨ ਹੋਣਾਂ।



Namdhari Elibrary NamdhariElibrary@gmail.com

# ਹਮਦ*

—ਕੰਵਰ ਇਮਤਿਆਜ਼

ਮੈਂ ਹਮਦ ਪੜ੍ਹਾਂ ਤੇਰਾ, ਮੇਰੇ ਸਾਈਆਂ
ਮੈਂ ਹਮਦ ਪੜ੍ਹਾਂ ਤੇਰਾ
ਸਭ ਚੰਗਿਆਈ ਤੇਰੀ, ਮੇਰੇ ਸਾਹਿਬਾ
ਤੇ ਕੁੱਲ ਗੁਨਾਹ ਮੈਂ ਮੇਰਾ
ਮੈਂ ਹਮਦ ਪੜ੍ਹਾਂ ਤੇਰਾ

ਰੌਸ਼ਨ ਚਾਰ ਚੁਫੇਰਾ ਕਰ ਦੇ
ਹਰ ਮੱਥੇ ਵਿੱਚ ਦੀਪਕ ਧਰ ਦੇ
ਅੱਖਾਂ ਵਿੱਚ ਜੁਗਨੂੰ ਦਾ ਸੁਪਨਾ
ਉੱਠੇ ਘਰ ਹਨੇਰਾ
ਮੈਂ ਹਮਦ ਪੜ੍ਹਾਂ ਤੇਰਾ

ਲੋਕਾਂ ਦੇ ਦੁੱਖ ਵਿੱਚ ਲਹਿ ਜਾਵਾਂ
ਸੂਲੀ ਉੱਤੇ ਵੀ ਮੁਸਕਾਵਾਂ
ਅੱਨਲ ਹੱਕ ਲਹੂ ਵਿੱਚ ਗੂੰਜੇ
ਏਨਾ ਬਖ਼ਸ਼ੀਂ ਜੇਰਾ
ਮੈਂ ਹਮਦ ਪੜ੍ਹਾਂ ਤੇਰਾ

ਜੇਸ ਨਗਰ ਦੀਆਂ ਸੜਕਾਂ ਉੱਤੇ
ਸਰਮਦ ਵਰਗੇ ਜਾਗਣ ਸੁੱਤੇ
ਜਦ ਕਦੀ ਵੀ ਕੁਫ਼ਰ ਵਿਆਪੇ
ਫਿਰ ਪਾਵਣਗੇ ਫੇਰਾ
ਮੈਂ ਹਮਦ ਪੜ੍ਹਾਂ ਤੇਰਾ

ਜਿਸ ਵਤਨ ਦਾ ਪਹਿਨਾਂ ਖਾਵਾਂ
ਉਸ ਵਤਨ ਲਈ ਜੇ ਮਰ ਜਾਵਾਂ
ਜੇ ਮਰ ਜਾਵਾਂ, ਮੁੜ ਏਥੇ ਆਵਾਂ
ਮੁੜ-ਮੁੜ ਪਾਵਾਂ ਫੇਰਾ
ਮੈਂ ਹਮਦ ਪੜ੍ਹਾਂ ਤੇਰਾ

ਸਭ ਚੰਗਿਆਈ ਤੇਰੀ, ਮੇਰੇ ਸਾਈਆਂ
ਤੇ ਕੁੱਲ ਗੁਨਾਹ ਹੈ ਮੇਰਾ
ਮੈਂ ਹਮਦ ਪੜ੍ਹਾਂ ਤੇਰਾ।

*ਹਮਦ : ਉਸਤਤ ਖ਼ੁਦਾਵੰਦ ਕਰੀਮ
ਸਨਾਂ : ਉਸਤਤ ਹਜ਼ਰਤ ਮੁਹੰਮਦ ਸਾਹਿਬ
ਹਮਦੋ ਸਨਾ : ਉਸਤਤ ਅੱਲਾਹ ਅਤੇ ਨੱਬੀ।

# ਜਦੋਂ ਰੁੱਖ ਰੁਦਨ ਕਰਦੇ ਨੇ

—ਅਮਰੀਕ ਡੋਗਰਾ

ਜਦੋਂ ਰੁੱਖ ਰੁਦਨ ਕਰਦੇ ਨੇ ਹਵਾ ਜਦ ਹਉਕੇ ਭਰਦੀ ਹੈ।
ਉਦੋਂ ਲਗਦਾ ਹੈ ਦੁਨੀਆਂ ਵਿਚ ਕੋਈ ਮੇਰਾ ਵੀ ਦਰਦੀ ਹੈ।

ਮੈਂ ਅੰਬਰ ਦੇ ਸਫ਼ੇ ਉੱਤੇ ਲਿਖਾਂ ਕਿੱਦਾਂ ਗ਼ਜ਼ਲ ਕੋਈ,
ਅਜੇ ਧਰਤੀ ਸੁਲਗਦੀ ਹੈ ਅਜੇ ਤਾਂ ਅੱਗ ਵਰ੍ਹਦੀ ਹੈ।

ਜਨਮ ਦੀ ਚੀਕ ਤੋਂ ਲੈ ਕੇ ਸਿਵੇ ਦੀ ਲਾਟ ਤਕ ਸਭ ਕੁਝ,
ਮਨੁੱਖ ਦਾ ਹੈ ਨਹੀਂ ਵੀ ਹੈ ਇਹ ਸਾਰੀ ਗੱਲ ਨਜ਼ਰ ਦੀ ਹੈ।

ਗੁਨਾਹ ਕੀਤੇ ਬਿਨਾਂ ਨੈਣਾਂ ਦੇ ਅੰਦਰ ਰੜਕਦੇ ਰਹਿਣਾ,
ਤਸੀਹਾ ਉਮਰ ਭਰ ਦਾ ਹੈ ਕਮਾਈ ਉਮਰ ਭਰ ਦੀ ਹੈ।

ਜੇ ਮਿਲ ਕੇ ਤੂੰ ਵਿਛੜਦਾ ਨਾ ਕਿਵੇਂ ਅਹਿਸਾਸ ਇਹ ਹੁੰਦਾ,
ਵਿਛੋੜੇ ਦੀ ਛੁਰੀ ਕਿੱਦਾਂ ਕਲੇਜੇ ਵਿੱਚ ਉਤਰਦੀ ਹੈ।

ਮੈਂ ਸ਼ਿਅਰ ਆਪਣੇ ਸਮੇਂ ਦੀ ਹਿੱਕ 'ਤੇ ਐਦਾਂ ਉਲੀਕੇ ਨੇ,
ਜਿਵੇਂ ਅੰਬਰ ਦੀ ਪਿੱਠ 'ਤੇ ਲਾਸ ਬਿਜਲੀ ਦੀ ਉਭਰਦੀ ਹੈ।

ਮੇਰੀ ਤੇ ਜ਼ਿੰਦਗੀ ਦੀ ਨੇੜਤਾ ਕੁਝ ਐਨੀ ਸੰਘਣੀ ਹੈ,
ਮੈਂ ਪਾਣੀ ਪੀਣ ਨੂੰ ਮੰਗਦਾਂ ਤਲੀ 'ਤੇ ਹੰਝੂ ਧਰਦੀ ਹੈ।

ਮੈਂ ਰੁੱਖ ਬਣਿਆਂ, ਮੈਂ ਛਾਂ ਵੰਡੀ, ਮੈਂ ਵੱਢ ਹੋਇਆ, ਚਿਖਾ ਬਣਿਆ,
ਕਹਾਣੀ ਸਿਰਫ਼ ਐਨੀ ਹੀ ਮੇਰੇ ਸਾਰੇ ਸਫ਼ਰ ਦੀ ਹੈ।

# ਮੈਂ ਜਿਊਂਦਾ ਰਹਾਂਗਾ

—ਇੰਦਰਜੀਤ ਹਸਨਪੁਰੀ

ਪਿਆਰ ਬਣ ਕੇ ਪ੍ਰੀਤ ਬਣ ਕੇ ਮੈਂ ਜਿਊਂਦਾ ਰਹਾਂਗਾ।
ਦਰਦ ਭਰਿਆ ਗੀਤ ਬਣ ਕੇ ਮੈਂ ਜਿਊਂਦਾ ਰਹਾਂਗਾ।

ਰੂਪ ਬਣ ਕੇ ਮੈਂ ਮੁਹੱਬਤ ਦਾ ਦਿਲਾਂ ਵਿੱਚ ਵਸਾਂਗਾ।
ਇਸ਼ਕ ਦੀ ਰਹੁ-ਰੀਤ ਬਣ ਕੇ ਮੈਂ ਜਿਊਂਦਾ ਰਹਾਂਗਾ।

ਮਾਣ ਸੱਕੇ ਹਰ ਕੋਈ ਆਨੰਦ ਮੇਰੀ ਹੋਂਦ ਦਾ।
ਮਿਠੜਾ ਸੰਗੀਤ ਬਣ ਕੇ ਮੈਂ ਜਿਊਂਦਾ ਰਹਾਂ ਗਾ।

ਮਨ-ਬਗੀਚੇ ਵਿੱਚ ਖਿੜਾਂਗਾ ਫੁੱਲ ਬਣ ਕੇ ਆਸ ਦਾ
ਲੋਕਤਾ ਦਾ ਮੀਤ ਬਣ ਕੇ ਮੈਂ ਜਿਊਂਦਾ ਰਹਾਂਗਾ।

ਗੂੰਜਦੇ ਰਹਿਣੇ ਦਿਲਾਂ ਵਿੱਚ ਮੇਰਿਆਂ ਗੀਤਾਂ ਦੇ ਬੋਲ
'ਹਸਨਪੁਰ' ਦਾ 'ਜੀਤ' ਬਣ ਕੇ ਮੈਂ ਜਿਊਂਦਾ ਰਹਾਂਗਾ।

*ਕੋਠੀ ਗੜਵਾ ਚਾਂਦੀ ਦਾ*
*ਘਰੀਕਾ ਚੌਕ ਲੁਧਿਆਣਾ*



Namdhari Elibrary NamdhariElibrary@gmail.com

## .ਗ਼ਜ਼ਲ / *ਨਵਰਾਹੀ ਘੁਗਿਆਣਵੀ*

ਸੀਨੇ ਮੇਰੇ ਇੱਕ ਸੁਲਘਦਾ ਨਾਸੂਰ ਰਹਿੰਦਾ ਹੈ।
ਰੂਹ 'ਚ ਅੰਪਰ ਦਮਕਦਾ ਕੋਹਿਨੂਰ ਰਹਿੰਦਾ ਹੈ।

ਇਹ ਅਨੋਖਾ ਰਾਜ਼ ਮੈਂ ਸਮਝਾਂ ਤੇ ਸਮਝਾਂ ਕਿਸ ਤਰ੍ਹਾਂ,
ਉਹ ਮੇਰੇ ਨੇੜੇ ਰਹਿੰਦਾ ਹੈ ਉਹ ਮੈਥੋਂ ਦੂਰ ਰਹਿੰਦਾ ਹੈ।

ਅੱਜ ਮਨੁੱਖ ਦੀ ਜ਼ਿੰਦਗੀ ਕਿਧਰੇ ਹੈ ਅੰਬਰ ਛੂ ਰਹੀ,
ਕਿਧਰੇ ਮਨੁੱਖ ਰੁਜ਼ਗਾਰ ਵਿੱਚ ਹੀ ਦੂਰ ਰਹਿੰਦਾ ਹੈ।

ਮਹਿਲਾਂ ਦੀਆਂ ਖ਼ਰਮਸਤੀਆਂ, ਜ਼ਿੰਦਗੀ ਲਈ ਵੰਗਾਰ ਨੇ,
ਕੁੱਲੀਆਂ 'ਚ ਜਦਕਿ ਵਿਲਕਦਾ ਮਜ਼ਦੂਰ ਰਹਿੰਦਾ ਹੈ।

ਆਵੇ ਸਦਾ ਇੱਕ ਪੂਰਬੋਂ, ਚਾਨਣ ਦਾ ਬਾਣਾ ਪਹਿਣ ਕੇ,
ਸਾਰਾ ਜਹਾਂ ਉਸ ਨੂਰ ਦਾ ਮਸ਼ਕੂਰ ਰਹਿੰਦਾ ਹੈ,

ਮਸਲਾ ਖ਼ੁਦਾ ਦੀ ਹੋਂਦ ਦਾ, ਯੁੱਗਾਂ ਤੋਂ ਤੁਰਿਆਂ ਆ ਰਿਹੈ,
ਅੰਪਰ ਖ਼ੁਦਾ ਹਰ ਹੋਂਦ ਵਿੱਚ ਭਰਪੂਰ ਰਹਿੰਦਾ ਹੈ।

ਫਰੀਦਕੋਟ ੧੫੧੨੦੩

## ਰੁੱਖ ਤੇ ਪੰਛੀ

*—ਬਲਵਿੰਦਰ ਕੌਰ ਕੰਗ*

ਆਉ ਲੋਕੋ ਲਾਈਏ ਰੁੱਖ।
ਜੇ ਜ਼ਿੰਦਗੀ ਵਿੱਚ ਲੈਣਾ ਸੁੱਖ।

ਵੱਡੇ ਸਾਡੇ ਰੁੱਖ ਲਗਾ ਗਏ।
ਸਾਡੀ ਝੋਲੀ ਫਲ ਫੁੱਲ ਪਾ ਗਏ।

ਛਾਵੇਂ ਬਹੀਏ ਫਲ-ਫੁੱਲ ਖਾਈਏ।
ਤਾਂ ਅੱਜ ਵੱਡਿਆਂ ਦਾ ਜਸ ਗਾਈਏ।

ਵਣ-ਖੇਤੀ ਨੂੰ ਹੋਰ ਵਧਾਈਏ।
ਅਗਲੀ ਪੀੜ੍ਹੀ ਤੇ ਕਰਮ ਕਮਾਈਏ।

ਪੰਛੀ ਰੁੱਖਾਂ ਤੇ ਰੌਣਕ ਲਾਉਂਦੇ।
ਸੁੰਦਰ ਵਾਤਾਵਰਣ ਬਣਾਉਂਦੇ।

ਪੰਛੀ ਬੋਲਣ ਮਿੱਠੀ ਬੋਲੀ।
ਰੂਹ ਵਿੱਚ ਜਾਂਦੇ ਮਿਸ਼ਰੀ ਘੋਲੀ।

ਰੁੱਖਾਂ ਨੂੰ ਨਾ ਕੱਟ ਭਾਈ।
ਨੇਕੀ ਤਾ ਕੁਝ ਖੱਟ ਭਾਈ।

ਹਰਿਆਵਲ ਜਿਹੀ ਮੁਹਿੰਮ ਚਲਾਉ।
ਪ੍ਰਦੂਸ਼ਣ ਉਤੇ ਵੀ ਠੱਲ ਪਾਉ।

ਇਹ ਹੈ ਰੁੱਖ ਸ੍ਰਿਸ਼ਟੀ ਦਾ ਨੂਰ।
ਕੰਗ ਤੂ ਇਹ ਗੱਲ ਕਰ ਮਨਜ਼ੂਰ।

ਕਾਵਿ ਵਿਅੰਗ

## ਮਾਡਰਨ ਹੀਰ

*—ਆਦਲ ਦਿਆਲਪੁਰੀ*

ਡੋਲੀ ਹੀਰ ਦੀ ਝੰਗ ਤੋਂ ਤੁਰਨ ਵੇਲੇ
ਹਾਏ ਮੈਂ ਮਰ ਗਿਆ ਰਾਂਝੇ ਨੇ ਕਿਹਾ ਹੋਣਾ
ਹਾਲਤ ਉਸਦੀ ਦਾ, ਆ ਕੇ ਉਸ ਵੇਲੇ
ਜਾਇਜ਼ਾ ਕਿਸੇ ਹਕੀਮ ਨੇ ਲਿਆ ਹੋਣਾ
ਨਬਜ਼ਾਂ ਢਿੱਲੀਆਂ ਤੇ ਦਿਲ ਦੀ ਤੇਜ਼ ਧੜਕਣ
ਦੌਰਾ ਹਾਰਟ ਅਟੈਕ ਦਾ ਪਿਆ ਹੋਣਾ
ਹੁਣ ਤਾਂ ਡਾਕਟਰ ਵਰਜਦੇ ਡਾਲਡੇ ਤੋਂ
ਰਾਂਝੇ ਚੂਰੀ ਦੇ ਦਰਦ ਨੂੰ ਸਿਹਾ ਹੋਣਾ।

ਟਿੱਲੇ ਜਾਕੇ ਰਾਂਝੇ ਨੇ ਧਾਹ ਮਾਰੀ
ਮੈਂ ਮਰ ਚੱਲਿਆਂ ਮੈਨੂੰ ਬਚਾ ਨਾਥਾ
ਦਿਲ ਦਾ ਦਰਦ ਫਰੋਲਕੇ ਫੇਰ ਦੱਸੂੰ
ਪਹਿਲਾਂ ਪਾਣੀ ਦਾ ਘੁੱਟ ਪਿਆ ਨਾਥਾ
ਇਕ ਦੋ ਹੋਣ ਤਾਂ ਗਿਣਦਿਆਂ ਪੋਟਿਆਂ ਤੇ
ਏਥੇ ਦੁੱਖਾਂ ਦੇ ਵਗਣ ਦਰਿਆ ਨਾਥਾ
ਖੇੜੇ ਹੀਰ ਲੈ ਗਏ ਉਤੋਂ ਚੋਣ ਆ ਗਈ
ਮੇਰੀ ਖੁਸ ਗਈ ਵੋਟ ਪਰਤਾ ਨਾਥਾ।

**ਕਲਾਮ ਹੀਰ**

ਹੀਰ ਆਖਦੀ ਰਾਂਝਿਆ ਸ਼ੁਕਰ ਹੋਇਆ
ਮੌਲਾ ਆਪਣਾ ਮੇਲ ਕਰਵਾ ਦਿੱਤਾ
ਤੈਨੂੰ ਹੀਰ ਮਿਲ ਗਈ ਮੈਨੂੰ ਰੱਬ ਰਾਂਝਾ
ਸੈਦੇ ਖੇੜੇ ਨੂੰ ਨੁੱਕਰੇ ਲਾ ਦਿੱਤਾ
ਸਾਰੀ ਚਾਲ ਸੀਗੀ ਚਾਚੇ ਚੰਦਰੇ ਦੀ
ਬਦੋ ਬਦੀ ਨਕਾਹ ਕਰਵਾ ਦਿੱਤਾ
ਬਾਲ ਨਾਥ ਨੇ ਬੇਲੀਆ ਫੇਰ ਮੁੜਕੇ
ਤੈਨੂੰ ਅਕਬਰੀ ਤਖਤ ਪਰਤਾ ਦਿੱਤਾ।

**ਕਲਾਮ ਰਾਂਝਾ**

ਗੱਲ ਕੈਦੋ ਤੇ ਖੇੜੇ ਦੀ ਫੇਰ ਦੱਸੂੰ
ਪਹਿਲਾਂ ਜੋਗ ਦਾ ਦੱਸਦਾ ਹਾਲ ਹੀਰੇ
ਤੇਰੇ ਇਸ਼ਕ ਦਾ ਮਾਰਿਆ ਗਿਆ ਟਿੱਲੇ
ਜਾਕੇ ਜੋਗ ਦਾ ਕੀਤਾ ਸੁਆਲ ਹੀਰੇ
ਸਰਬ ਸੰਮਤੀ ਨਾਲ ਨਹੀਂ ਜੋਗ ਮਿਲਿਆ
ਮਿਲਿਆ ਜੋਗ ਸਿਆਸਤ ਦੇ ਨਾਲ ਹੀਰੇ
ਵੋਟਾਂ ਪੈ ਕੇ ਰਾਂਝਾ ਮਹੰਤ ਬਣਿਆ
ਇਹ ਰਾਜਨੀਤੀ ਦਾ ਸਾਰਾ ਕਮਾਲ ਹੀਰੇ।



Namdhari Elibrary NamdhariElibrary@gmail.com

# ਚੱਲ ਬੁੱਲਿਆ ਧਰਤੀ ਤੇ ਚੱਲੀਏ

—ਗੁਰਭਜਨ ਗਿੱਲ

ਚੱਲ ਬੁੱਲਿਆ ਧਰਤੀ ਤੇ ਚੱਲੀਏ,
ਲੱਭੀਏ ਫੇਰ ਪੁਰਾਣੇ ਡੇਰੇ।
ਜੋ ਨਾ ਤੇਰੇ ਨਾ ਹੁਣ ਮੇਰੇ,
ਜਿੱਥੇ ਅੱਜ ਕੱਲ੍ਹ ਘੋਰ ਹਨੇਰੇ,
ਮੁੜ ਕੇ ਉਹੀ ਥਾਵਾਂ ਮੱਲੀਏ।
ਚੱਲ ਬੁੱਲਿਆ..............।

ਧਰਮ ਕਰਮ ਦੇ ਨਾਂ ਦੇ ਥੱਲੇ,
ਕੂੜ ਕੁਸੱਤ ਦੀ ਨ੍ਹੇਰੀ ਚੱਲੇ।
ਸਭ ਧਰਮਾਂ ਦੀ ਸੋਚ ਧੁਆਂਖੀ,
ਮੌਲਵੀਆਂ ਦੀ ਬੱਲੇ ਬੱਲੇ।
ਆ ਇਨ੍ਹਾਂ ਨੂੰ ਫੇਰ ਦਬੱਲੀਏ,
ਚੱਲ ਬੁੱਲਿਆ..............।

ਅਕਲ ਇਲਮ ਸਭ ਵਿਕਦਾ ਹੱਟੀਆਂ,
ਸੱਚ ਦੇ ਪਾਂਧੀ ਭਰਦੇ ਚੱਟੀਆਂ।
ਵਣਜ ਜ਼ਹਿਰ ਦਾ ਕਰਦੇ ਖੱਟੀਆਂ,
ਸਾਡੇ ਵਰਗਿਆਂ ਦੀ ਜਿੰਦ ਕੱਲੀ ਏ।
ਚੱਲ ਬੁੱਲਿਆ................।

ਮਾਂ ਪਿਉ ਜਾਇਆਂ ਸਕੇ ਭਰਾਵਾਂ,
ਵੰਡ ਕੇ ਧਰਤੀ ਪਾੜੀਆਂ ਛਾਵਾਂ।
ਨਫਰਤ ਦੀ ਖੇਤੀ ਤੇ ਫ਼ਸਲਾਂ,
ਪਿਆਰ ਦਾ ਬੂਟਾ ਟਾਵਾਂ ਟਾਵਾਂ।
ਮੋਹ ਦਾ ਕੋਈ ਸੁਨੇਹਾ ਘੱਲੀਏ।
ਚੱਲ ਬੁੱਲਿਆ................।

ਡੁੱਬੀ ਬੇੜੀ ਸਣੇ ਖਵੱਈਆ।
ਬਣ ਗਿਆ ਸਭ ਦਾ ਬਾਪ ਰੁਪੱਈਆ।
ਨੋਟ ਨਚਾਵੇ ਥਈਆ ਥਈਆ,
ਵਗਦੀ ਨੇਰ੍ਹੀ ਨੂੰ ਆ ਠੱਲ੍ਹੀਏ।
ਚੱਲ ਬੁੱਲਿਆ .................।

ਹਾਕਮਾਂ ਸਾਥੋਂ ਬਦਲੇ ਲੀਤੇ।
ਸ਼ਰਮ ਦੇ ਘੋਲ ਪਿਆਲੇ ਪੀਤੇ।
ਕਿਰਤਾਂ ਵਾਲੇ ਹੱਥ ਤੰਗ ਕੀਤੇ,
ਕਾਲੀ ਨੇਰ੍ਹੀ ਫਿਰ ਚੱਲੀ ਏ।
ਚੱਲ ਬੁੱਲਿਆ............।

ਧਰਮਸਾਲ ਦੇ ਬੂਹੇ ਅੰਦਰ।
ਬਾਂਦਰ ਵੱਸਦਾ ਤਨ ਦੇ ਮੰਦਰ।
ਕੀਲੇਗਾ ਦੱਸ ਕੌਣ ਕਲੰਦਰ ?
ਬਿਖੜੇ ਰਾਹਾਂ ਨੂੰ ਹੁਣ ਮੱਲੀਏ।
ਚੱਲ ਬੁੱਲਿਆ............।

ਚੁੱਪ ਰਹਿਣਾ ਵੀ ਜ਼ੁਲਮ ਹਮਾਇਤ।
ਜੀਂਦੇ ਬੰਦੇ ਕਰਨ ਸ਼ਿਕਾਇਤ।
ਹੱਕ ਸੱਚ ਇਨਸਾਫ਼ ਰਵਾਇਤ।
ਖੰਭ ਲਗਾ ਕੇ ਉੱਡ ਚੱਲੀ ਏ।
ਚੱਲ ਬੁੱਲਿਆ............।

ਜਿਥੇ ਸਾਰੇ ਗੁੰਮਸੁੰਮ ਹੋਏ।
ਨਾ ਹੀ ਜੀਂਦੇ, ਨਾ ਹੀ ਮੋਏ।
ਹਰ ਕੋਈ ਆਪਣੇ ਆਪ ਨੂੰ ਰੋਏ,
ਓਸ ਦੇਸ਼ ਦੀਆਂ ਜੂਹਾਂ ਮੱਲੀਏ।
ਚੱਲ ਬੁੱਲਿਆ ਧਰਤੀ ਤੇ ਚੱਲੀਏ।



Namdhari Elibrary NamdhariElibrary@gmail.com

# ਮਹੰਤ ਜੀ !

*—ਨਿੰਦਰ ਘੁਗਿਆਣਵੀ*

ਮੈਂ ਲੁਧਿਆਣੇ ਚੱਲਿਆਂ ਸਾਂ। ਸੂਰਜ ਹਾਲੇ ਨਿਕਲਿਆ ਨਹੀਂ ਸੀ। ਬੈਗ ਮੋਢੇ ਪਾ ਕੇ, ਦਰਵਾਜ਼ਿਉਂ ਪੈਰ ਕੱਢਿਆ ਹੀ ਸੀ, ਗੁਰਦਵਾਰਿਉਂ ਭਾਈ ਜੀ ਨੇ ਸਪੀਕਰ ਰਾਹੀਂ ਪਿੰਡ ਨੂੰ ਸੂਚਿਤ ਕੀਤਾ, "ਆਪਣੇ ਪਿੰਡ ਦੇ, ਦਿੱਲੀ ਵਾਲੇ ਮਹੰਤ ਜੋਗਿੰਦਰ ਸਿੰਘ ਜੀ, ਅਕਾਲ ਚਲਾਣਾ ਕਰ ਗਏ ਹਨ। ਗਿਆਰਾਂ ਵਜੇ ਉਹਨਾਂ ਦਾ ਅੰਤਿਮ ਸੰਸਕਾਰ ਹੋਵੇਗਾ ਜੀ।"

ਇਹ ਸੂਚਨਾ ਸੁਣਦਿਆਂ ਮੈਂ ਥਾਏਂ ਹੀ ਰੁਕ ਗਿਆ ਤੇ ਦਰਵਾਜ਼ੇ ਦੇ ਅੰਦਰ ਨੂੰ ਹੀ ਹੋ ਗਿਆ। ਮੋਢਿਓਂ ਬੈਗ ਲਾਹ ਕੇ ਰੱਖ ਦਿੱਤਾ। "ਲੁਧਿਆਣੇ ਨਹੀਂ ਜਾਵਾਂਗਾ।" ਮਹੰਤ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਨੇ ਦਿਲ ਉਦਾਸ ਕਰ ਦਿੱਤਾ। ਪਤਾ ਲੱਗਾ, ਮਹੰਤ ਜੀ ਰਾਤੀ ਹੀ ਪੂਰੇ ਹੋਏ ਹਨ! ਉਹਨਾਂ ਨੂੰ ਪਿੰਡ ਲੈ ਆਂਦਾ ਗਿਆ ਹੈ, ਉਹਨਾਂ ਦੇ ਭਰਾਵਾਂ ਘਰ। ਮਹੰਤ ਜੀ ਨੇ ਵਿਆਹ ਨਹੀਂ ਸੀ ਕਰਵਾਇਆ। ਬਾਹਰ ਘੁੰਮਦੇ ਫਿਰਦੇ ਹੀ ਰਹੇ, ਡੇਰਿਆਂ ਤੇ ਹੋਰ ਧਾਰਮਿਕ ਅਸਥਾਨਾਂ ਦੀ ਯਾਤਰਾ ਪੂਰੀ ਕਰਦੇ ਕਰਦੇ ਆਪ ਵੀ ਪੂਰੇ ਹੋ ਗਏ। ਬਹੁਤਾ ਉਹ ਹਰੀਦੁਆਰ (ਕਨਖਲ) ਵਿਖੇ ਰਹਿੰਦੇ ਜਾਂ ਫਿਰ ਦਿੱਲੀ ਵਿਖੇ ਆਪਣੇ ਡੇਰੇ ਵਿੱਚ। ਅਲਾਹਾਬਾਦ ਵੀ ਤੁਰੇ ਰਹਿੰਦੇ, ਆਪਣੇ ਪ੍ਰਸ਼ੰਸਕਾਂ-ਸ਼ਰਧਾਲੂਆਂ ਪਾਸ ਠਹਿਰਦੇ।

ਮੈਂ ਉਦਾਸ ਮਨ ਨਾਲ ਮਹੰਤ ਜੀ ਨੂੰ ਚੇਤੇ ਕਰਨ ਲੱਗਿਆ। ਉਹਨਾਂ ਨਾਲ ਏਧਰ-ਉਧਰ ਘੁੰਮਣ ਤੇ ਉਹਨਾਂ ਪਾਸ ਰਹਿਣ ਦੇ ਵੇਲੇ ਦੀਆਂ ਯਾਦਾਂ ਇਕੋ ਸਮੇਂ ਆਣ ਸਾਕਾਰ ਹੋ ਗਈਆਂ। ਘਰੋਂ ਉਠ ਕੇ, ਮੈਂ ਮਹੰਤ ਜੀ ਦੇ ਵੱਡੇ ਭਰਾ ਦੇ ਘਰ ਚਲਾ ਆਇਆ। ਪਿੰਡ ਦੇ ਕੁਝ-ਇਕ ਬੰਦੇ ਅਫ਼ਸੋਸ ਕਰਨ ਆਏ ਬੈਠੇ ਸਨ। ਮਹੰਤ ਜੀ ਦੀ ਦੇਹ ਮੰਜੇ ਉਤੇ ਟਿਕੀ ਹੋਈ ਸੀ ਤੇ ਆਸ-ਪਾਸ ਕੁਝ ਔਰਤਾਂ ਬੈਠੀਆਂ ਹੋਈਆਂ ਸਨ। ਮਹੰਤ ਜੀ ਦੀ ਬਿਰਧ ਮਾਤਾ ਸਿਰਹਾਣੇ ਪਾਸੇ ਬੈਠੀ ਆਪਣਾ ਹੱਥ ਮਹੰਤ ਜੀ ਦੇ ਸਿਰ ਉਪਰ ਫੇਰਦੀ, ਆਪਣੀ ਬਾਰੀਕ ਤੇ ਕਮਜ਼ੋਰ ਆਵਾਜ਼ ਨਾਲ ਕੋਈ-ਕੋਈ ਵੈਣ ਪਾਂਦੀ, "ਵੇ ਦੇਖਿਆਂ ਤੈਨੂੰ ਜੁਗੜੇ ਬੀਤ ਗਏ ਸੀ ਪੁੱਤਾ।" ਮੈਨੂੰ ਇਕ ਦਮ ਚੇਤੇ ਆ ਗਿਆ, ਉਹ ਗੀਤ :

"ਪੁੱਤਰ ਮੋਏ ਨਾ ਭੁਲਦੇ ਆਲਮਾਂ
ਭਾਵੇਂ ਹੋਕੇ ਮਰਨ ਫ਼ਕੀਰ"

ਮਹੰਤ ਜੀ ਸਚਮੁੱਚ ਹੀ ਫ਼ਕੀਰ ਹੋ ਕੇ ਇਸ ਦੁਨੀਆਂ ਤੋਂ ਟੁਰੇ ਸਨ। ਉਹਨਾਂ ਦਾ ਚਿਹਰਾ ਬਿਲਕੁਲ ਸ਼ਾਂਤ ਸੀ। ਸਿਰ ਉਤੇ ਗੇਰੂਈ ਪਗੜੀ ਬੰਨ੍ਹੀ ਹੋਈ ਸੀ। ਲੰਬੀ ਦਾਹੜ੍ਹੀ ਖਾਮੋਸ਼ ਸੀ। ਇਵੇਂ ਲਗ ਰਿਹਾ ਸੀ ਜਿਵੇਂ ਉਹ ਲੇਟੇ-ਲੇਟੇ ਹੀ ਨਾਮ-ਸਿਮਰਨ ਕਰ ਰਹੇ ਹੋਣ। ਮੈਂ ਦੇਖਦਾ ਖਲੋਤਾ ਰਿਹਾ ਉਹਨਾਂ ਵੱਲ, ਤੇ ਫੇਰ ਬੰਦਿਆ ਵਿੱਚ ਦਰੀ ਉੱਪਰ ਆਣ ਬੈਠਾ। ਮਹੰਤ ਜੀ ਦੇ ਭਤੀਜੇ-ਭਰਾ ਸਭ ਉਦਾਸੇ ਮੂੰਹ ਲਈ ਫਿਰ ਰਹੇ ਸਨ। ਮੈਂ ਬੈਠਾ-ਬੈਠਾ ਮਹੰਤ ਜੀ ਨੂੰ ਚੇਤੇ ਕਰ ਰਿਹਾ ਸਾਂ।

"ਦਿੱਲੀ ਵਾਲਾ ਮਹੰਤ ਆਇਆ ਵੇ.......ਦਿੱਲੀ ਵਾਲਾ।" ਪਿੰਡ ਦੇ ਲੋਕੀ ਗੱਲਾਂ ਕਰਦੇ, ਜਦ ਮਹੰਤ ਜੀ ਵਰ੍ਹੇ-ਛਿਮਾਹੀ ਕਦੇ ਪਿੰਡ ਗੇੜਾ ਮਾਰਦੇ। ਜਾਣ ਲੱਗੇ ਉਹ ਪਿੰਡੋਂ ਦੇਸੀ ਘੀ ਅਤੇ ਸ਼ਹਿਦ ਪੀਪੀਆਂ ਵਿੱਚ ਪਾ ਲਿਜਾਂਦੇ। ਗੇਰੂਆ ਕੁੜਤਾ, ਚਿੱਟੀ ਧੋਤੀ, ਗੇਰੂਈ ਪਗੜੀ, ਪ੍ਰਭਾਵੀ ਦਾਹੜੀ, ਚਮਕਦਾਰ ਅੱਖੀਆਂ, ਮਹੰਤ ਜੀ ਦੀ ਸ਼ਖਸੀਅਤ ਦੇਖਣ ਵਾਲੇ ਨੂੰ ਆਪਣੀ ਤਰਫ ਆਕਰਸ਼ਿਤ ਕਰਦੀ।

੧ ਜੂਨ ੧੯੯੬, ਮੈਂ ਪਟਿਆਲੇ ਭਾਸ਼ਾ ਵਿਭਾਗ ਵਿੱਚ ਨੌਕਰੀ ਲਈ ਹਾਜ਼ਿਰ ਹੋਣਾ ਸੀ। ਆਰਡਰ ਹੋ ਗਏ ਸਨ। ਮਹੰਤ ਜੀ ਉਹਨੀ ਦਿਨੀਂ ਪਿੰਡ ਆਏ ਹੋਏ ਸਨ, ਜਦ ਉਹਨਾਂ ਨੂੰ ਦੱਸਿਆ ਕਿ ਮੈਂ ਪਟਿਆਲੇ ਜਾ ਰਿਹਾ ਤਾਂ ਉਹਨਾਂ ਆਖਣਾ ਸ਼ੁਰੂ ਕੀਤਾ, "ਭਤੀਜ! ਤੂੰ ਇਉਂ ਕਰ, ਉਥੇ ਸਾਡੇ ਨਿਰਮਲੇ ਮਹੰਤਾਂ ਦਾ ਡੇਰਾ ਐ, ਤੋਫ਼ਖਾਨੇ ਮੋੜ ਉਤੇ........ਬਹੁਤ ਵੱਡਾ ਡੇਰਾ ਐ। ਡੇਰੇ ਦੇ ਨਾਉਂ ਖਾਸੀ ਜ਼ਮੀਨ ਵੀ ਹੈ। ਕੋਈ ਤੋਟ ਨਹੀਂ ਵਾਧੂ ਕਮਰੇ ਨੇ ਉੱਥੇ। ਨੌਕਰ ਲੰਗਰ ਪਕਾਉਂਦੇ ਹਨ। ਏਹ ਮਹਿਮਾਨਾਂ ਵਾਸਤੇ ਰੈਸਟ-ਹਾਉਸ ਹੁੰਦਾ ਸੀ, ਤੇ ਫੇਰ ਇਹ ਸਾਡੇ ਵੱਡੇ ਮਹੰਤਾਂ ਨੂੰ ਦੇ ਦਿੱਤਾ ਮਹਾਰਾਜੇ ਨੇ.......।"

ਮੈਂ ਮਹੰਤ ਜੀ ਨੂੰ ਬੜੀ ਉਤਸੁਕਤਾ ਨਾਲ ਸੁਣ ਰਿਹਾ ਸਾਂ। ਉਹਨਾਂ ਅੱਗੇ ਕਹਿਣਾ ਸ਼ੁਰੂ ਕੀਤਾ, "ਭਤੀਜ ਤੂੰ ਇਉਂ ਕਰ, ਉਥੇ ਮਹੰਤ ਹੈ ਹਰੀ ਸਿੰਘ। ਉਹਦੇ ਨਾਉਂ ਦੀ ਮੇਰੇ ਕੋਲੋਂ ਚਿੱਠੀ ਲੈ ਜਾਹ, ਉਥੇ ਰਹਿਆ ਕਰ। ਐਵੇਂ ਬਾਹਰ ਕਿਰਾਏ ਦਾ ਕਮਰਾ ਲੈ ਕੇ ਰਹਿੰਦਾ ਫਿਰੇਂਗਾ........ਤਨਖਾਹ ਤੇਰੀ ਥੋੜ੍ਹੀਉ ਈ ਹੋਣੀ ਹੈ, ਕੱਚੀ ਨੌਕਰੀ ਦੀ........ਡੇਰੇ ਵਿੱਚ ਰਹਿੰਦੇ ਤੈਨੂੰ ਕੋਈ ਫ਼ਿਕਰ-ਫ਼ਾਕਾ ਨਹੀਂ ਹੋਣਾ.......ਲਿਆ ਕਾਗਜ਼ ਤੇ



Namdhari Elibrary NamdhariElibrary@gmail.com

ਪੌਨ ਤੈਨੂੰ ਚਿੱਠੀ ਕਰ ਦਿਆਂ ਮੈਂ।"

ਮਹੰਤ ਜੀ ਦੀ ਗੱਲ ਮੇਰੇ ਮਨ ਨੂੰ ਬੜੀ ਹੀ ਜਚੀ। ਉਹਨਾਂ ਚਿੱਠੀ ਕਰ ਦਿੱਤੀ। ਮੈਂ ਅਟੈਚੀ ਦੀ ਜੇਬ ਵਿੱਚ ਚਿੱਠੀ ਸਾਂਭ ਲਈ।

ਪਟਿਆਲੇ ਚਲਿਆ ਗਿਆ, ਦਿੱਤੇ ਪਤੇ ਉਤੇ। ਨਿਰਮਲੇ ਮਹੰਤਾਂ ਦਾ ਡੇਰਾ ਲੱਭ ਲਿਆ। ਸੰਗਦਾ-ਸੰਕੋਚਦਾ ਜਿਹਾ ਮੈਂ ਵੱਡੇ ਦਰਵਾਜ਼ੇ ਵਿਚੋਂ ਦੀ ਲੰਘ ਕੇ ਡਿਉਢੀ ਵਿੱਚ ਜਾ ਖਲੋਤਾ। ਅੱਗੋਂ ਇਕ ਨੌਜਵਾਨ ਨੇ ਡਿਉਢੀ ਦਾ ਬੂਹਾ ਖੋਲ੍ਹਿਆ, ਮੇਰਾ ਹਾਣੀ ਹੀ ਸੀ, ਬਾਂਗਰੂ ਸੀ ਉਹ ਲਾਂਗਰੀ ਸੀ। ਸ਼ਾਇਦ ਉਹ ਡੇਰੇ ਬੈਠਾ ਇਕੱਲਾ ਅੱਕ ਗਿਆ ਸੀ। ਕਿਸੇ ਨਾ-ਕਿਸੇ ਮਹਿਮਾਨ ਦੇ ਆਣ ਦੀ ਉਡੀਕ ਕਰ ਰਿਹਾ ਹੋਵੇ। ਉਸ ਨੇ ਬੜੀ ਜੋਸ਼ੋ ਖਰੋਸ਼ੀ ਨਾਲ ਮੇਰਾ ਅਟੈਚੀ ਕੇਸ ਫੜਿਆ ਤੇ ਮੈਨੂੰ ਹਾਲ ਕਮਰੇ ਵਿੱਚ ਲਿਜਾ ਬਿਠਾਇਆ। ਕਮਰੇ ਵਿੱਚ ਦਰੀ ਵਿਛੀ ਹੋਈ ਸੀ, ਉਹਦੇ ਉੱਪਰ ਗਦੇਲਾ ਤੇ ਗਦੇਲੇ ਉਪਰ ਚਿੱਟੀ ਚਾਦਰ, ਗੋਲ ਸਿਰ੍ਹਾਣਾ ਵੀ ਪਿਆ ਸੀ। ਮੈਂ ਦਰੀ ਉਤੇ ਬੈਠ ਗਿਆ ਸਾਂ, "ਭਾਜੀ ਤੁਸੀਂ ਏਧਰ ਨਹੀਂ, ਔਧਰ ਬੈਠੋ, ਚਾਦਰ ਉਤੇ।" ਬਾਂਗਰੂ ਬੋਲਿਆ।

"ਨਹੀਂ-ਨਹੀਂ ਕੋਈ ਗੱਲ ਨਹੀਂ, ਮੈਂ ਠੀਕ ਬੈਠਾ ਆਂ।"

"ਨਹੀਂ ਭਾਜੀ, ਨਹੀਂ। ਏਹ ਗੱਦੀ ਏਸੇ ਲਈ ਆ, ਆਏ-ਗਏ ਨੂੰ ਬਿਠਾਣੇ ਵਾਸਤੇ ਆ, ਤੁਸੀਂ ਬੈਠੋ ਐਥੇ।"

ਬਾਂਗਰੂ ਨੇ ਪੁੱਛਿਆ, "ਭਾਜੀ ਤੁਸੀਂ ਕੇਹੜੀ ਜਗ੍ਹਾ ਤੋਂ ਆਏ ਹੋ ?"

"ਮੈਂ ਫਰੀਦਕੋਟੋਂ ਹਾਂ, ਘੁਗਿਆਣਾ ਪਿੰਡ ਹੈ ਮੇਰਾ ਫਰੀਦਕੋਟ ਦੇ ਨੇੜੇ......." ਮੈਂ ਹਾਲੇ ਦੱਸ ਹੀ ਰਿਹਾ ਸਾਂ, ਬਾਂਗਰੂ ਬੁੱਝ ਗਿਆ, "ਅੱਛਾ, ਥੋਨੂੰ ਵੱਡੇ ਬਾਬਾ ਜੀ ਨੇ ਭੇਜਿਐ, ਮਹੰਤ ਜੋਗਿੰਦਰ ਸਿੰਘ ਜੀ ਨੇ ?"

"ਹਾਂ-ਹਾਂ ਉਹਨਾਂ ਹੀ ਭੇਜਿਆ ਐ।"

"ਭਾਜੀ ਉਹ ਤਾਂ ਬੜੇ ਮਹਾਨ ਨੇ। ਆਂਦੇ ਹੁੰਦੇ ਆ ਐਥੇ ਸਾਡੇ ਕੋਲ। ਭਾਜੀ, ਫੇ ਤਾਂ ਤੁਸੀਂ ਘਰਦੇ ਬੰਦੇ ਹੋ ਸਾਡੇ।"

ਦੋ ਮਿੰਟਾਂ ਵਿੱਚ ਹੀ ਬਾਂਗਰੂ ਦੁੱਧ ਦਾ ਭਰਿਆ ਵੱਡਾ ਸਟੀਲੀ ਗਲਾਸ ਤੇ ਇਕ ਪਲੇਟ ਵਿੱਚ ਦੋ ਬੇਸਣ ਦੇ ਲੱਡੂ ਰੱਖ ਲੈ ਆਇਆ। "ਛਕੋ ਭਾਜੀ, ਮੈਂ ਆਇਆ।" ਦੁੱਧ ਪੀਣ ਤੇ ਲੱਡੂ ਖਾਣ ਮਗਰੋਂ ਉਥੇ ਪਿਆ 'ਅਜੀਤ' ਪੜ੍ਹਨ ਲੱਗ ਪਿਆ।

"ਭਾਜੀ, ਉੱਪਰ ਆਜੋ, ਤੁਹਾਡਾ ਮੰਜਾ ਲਗਾ ਦਿੱਤਾ ਐ।"

ਮੈਂ ਬਾਂਗਰੂ ਦੇ ਮਗਰ-ਮਗਰ ਪੌੜੀਆਂ ਚੜ੍ਹਦਾ ਗਿਆ। ਮੇਰਾ ਅਟੈਚੀਕੇਸ ਉਸੇ ਨੇ ਚੁੱਕਿਆ ਹੋਇਆ ਸੀ। ਡੇਰੇ ਉਤਲੀ ਛੱਤ ਪੱਕੀ ਤੇ ਖੁੱਲ੍ਹੀ ਸੀ। ਇਕ ਵੱਡਾ ਤਖਤਪੋਸ਼ ਵੀ ਪਿਆ ਹੋਇਆ ਸੀ। ਇਕ ਲਾਈਨ ਵਿੱਚ ਛੇ ਕਮਰੇ ਸਨ। ਸਿਰੇ ਵਾਲਾ ਕਮਰਾ ਮੇਰਾ ਸੀ। ਉਹਦੇ ਵਿੱਚ ਲੱਕੜ ਦਾ ਮੰਜਾ ਡੱਠਾ ਹੋਇਆ ਸੀ ਤੇ ਵਿਛਾਈ ਕੀਤੀ ਹੋਈ ਸੀ। ਦੋ ਕੁਰਸੀਆਂ ਤੇ ਇਕ ਮੇਜ਼ ਪਿਆ ਸੀ।

"ਲਓ ਭਾਜੀ, ਤੁਸੀਂ ਆਰਾਮ ਕਰੋ। ਮੈਂ ਥੋਨੂੰ ਦੱਸਣਾ ਭੁੱਲ ਗਿਆ, ਡੇਰੇ ਦੇ ਮਹੰਤ ਜੀ ਯਾਤਰਾ ਉਤੇ ਗਏ ਨੇ। ਜਦ ਆਣਗੇ ਮਿਲ ਲੈਣਾ। ਤੁਸੀਂ ਏਥੇ ਰਹੋ, ਆਰਾਮ ਕਰੋ। ਕਿਸੇ ਚੀਜ਼ ਦੀ ਲੋੜ ਹੋਵੇ ਦੱਸਣਾ। ਮੈਂ ਹੇਠਾਂ ਈ ਆਂ। ਆਹ ਘੰਟੀ ਮਾਰ ਦੇਣੀ।"

ਮੈਂ ਬਾਂਗਰੂ ਦਾ ਧੰਨਵਾਦ ਕੀਤਾ ਤਾਂ ਉਹ ਬੋਲਿਆ, "ਭਾਜੀ ਏਹ ਤਾਂ ਡੇਰਾ ਈ ਥੋਡਾ ਐ। ਮਹੰਤ ਜੀ ਜੋਗਿੰਦਰ ਸਿੰਘ ਜੀ ਤਾਂ ਬੜੇ ਮਹਾਨ ਨੇ। ਏਸ ਡੇਰੇ ਦੇ ਮਾਲਕ ਐ ਉਹ।"

ਮੈਂ ਮਹੰਤ ਜੋਗਿੰਦਰ ਸਿੰਘ ਦੀ ਇਤਨੀ ਮਹਿਮਾ ਦੇਖ ਕੇ ਸੱਚੇ-ਦਿਲੋਂ ਪ੍ਰਸੰਨ ਹੋ ਰਿਹਾ ਸਾਂ। ਡੇਰਾ ਮੈਨੂੰ ਬੜਾ ਚੰਗਾ ਚੰਗਾ ਲੱਗ ਰਿਹਾ ਸੀ। ਮਨ ਭਰਿਆ-ਭਰਿਆ ਲੱਗ ਰਿਹਾ ਸੀ, ਜਿਵੇਂ ਇਥੇ ਆਣ ਕੇ 'ਬਹੁਤ-ਕੁਝ' ਪ੍ਰਾਪਤ ਹੋ ਗਿਆ ਹੋਵੇ।

ਮਹੰਤ ਜੀ ਦਾ ਧੰਨਵਾਦ ਕਰਨ ਲਈ ਪਿੰਡ ਫ਼ੋਨ ਕੀਤਾ, ਪਰ ਉਹ ਪਿੰਡੋਂ ਜਾ ਚੁੱਕੇ ਸਨ, ਪਤਾ ਨਹੀਂ ਕਿਹੜੇ ਪਾਸੇ ਆਪਣੀ ਯਾਤਰਾ ਉਤੇ। ਮੇਰੇ ਕੋਲ ਉਹਨਾਂ ਦਾ ਕਿਸੇ ਡੇਰੇ ਦਾ ਸਿਰਨਾਵਾਂ ਵੀ ਨਹੀਂ ਸੀ, ਨਹੀਂ ਉਥੇ ਮੈਂ ਖਤ ਲਿਖ ਦਿੰਦਾ। ਫਿਰ ਖਿਆਲ ਆਇਆ, ਸੰਤਾਂ-ਮਹੰਤਾਂ ਦੇ ਕੋਈ ਪੱਕੇ ਸਿਰਨਾਵੇਂ ਨਹੀਂ ਹੁੰਦੇ।

ਕੁਝ ਦਿਨਾਂ ਪਿਛੋਂ ਡੇਰੇ ਦੇ ਮਹੰਤ ਹਰੀ ਸਿੰਘ ਆਪਣੀ ਯਾਤਰਾ ਮੁਕਾ ਕੇ ਆ ਗਏ। ਬੜੇ ਪਿਆਰ ਨਾਲ ਮਿਲੇ। ਆਖਣ ਲੱਗੇ, "ਕਾਕਾ, ਏਹ ਤੇਰਾ ਘਰ ਏ। ਬੇਫ਼ਿਕਰ ਹੋ ਕੇ ਰਹਿ। ਤੇਰੇ ਪਿੰਡ ਵਾਲੇ, ਮਹੰਤ ਜੋਗਿੰਦਰ ਸਿੰਘ ਮੇਰੇ ਚਾਚਾ ਜੀ ਲਗਦੇ ਨੇ। ਉਹ ਮੇਰੇ ਗੁਰੂ ਦੇ ਗੁਰਭਾਈ ਹਨ, ਇਵੇਂ ਮੈਂ ਉਹਨਾਂ ਦਾ ਭਤੀਜਾ ਲੱਗਾ। ਉਹ ਮੇਰੀ ਵੱਡੀ ਥਾਂਵੇ ਹਨ।"

ਮੈਂ ਆਖਿਆ, "ਉਹ ਮੇਰੇ ਵੀ ਤਾਇਆ ਜੀ ਲਗਦੇ ਨੇ ਜੀ।"

ਮਹੰਤ ਹਰੀ ਸਿੰਘ ਹੱਸਣ ਲੱਗੇ, "ਫੇ ਤੂੰ ਕਾਕਾ, ਮੇਰਾ ਭਾਈ ਹੀ ਹੋਇਆ।"

ਡੇਰੇ ਮੈਂ ਇਉਂ ਰਹਿੰਦਾ, ਜੀਕੂ ਆਪਣੇ ਘਰ ਰਹੀਦਾ ਹੈ। ਬੜਾ ਜੀਅ ਲਗਣ ਲੱਗਿਆ। ਬਾਂਗਰੂ ਮੇਰਾ ਦੋਸਤ ਹੀ ਬਣ



Namdhari Elibrary NamdhariElibrary@gmail.com

ਗਿਆ। ਆਥਣੇ ਅਸੀ ਇਕੱਠੇ ਸੈਰ ਕਰਦੇ। ਇਕੱਠੇ ਲੰਗਰ ਤਿਆਰ ਕਰਦੇ ਤੇ ਹੋਰ ਆਏ ਗਏ ਸੰਤਾਂ-ਸਾਧਾਂ ਦੀ ਸੇਵਾ ਕਰਦੇ। ਡੇਰੇ ਸੇਵਾ ਕਰਦਿਆਂ ਮੈਨੂੰ ਇਕ ਤਰ੍ਹਾਂ ਦਾ ਸਕੂਨ ਮਿਲਦਾ। ਮੈਂ ਤੂੰਬੀ ਵੀ ਆਪਣੀ ਪਿੰਡੋਂ ਉਥੇ ਲੈ ਗਿਆ ਹੋਇਆ ਸਾਂ, ਅਕਸਰ ਹੀ ਗਾਉਂਦਾ ਰਹਿੰਦਾ। ਸਵੇਰੇ ਭਾਸ਼ਾ ਵਿਭਾਗ ਨੌਕਰੀ ਕਰਨ ਚਲੇ ਜਾਂਦਾ ਤੇ ਸ਼ਾਮੀ ਡੇਰੇ। ਸ਼ਨੀ-ਐਤ ਪਿੰਡ ਆ ਜਾਂਦਾ। ਮਹੰਤ ਜੋਗਿੰਦਰ ਸਿੰਘ ਪਿੰਡ ਨਹੀਂ ਆਏ ਸਨ ਹਾਲੇ। ਮੈਂ ਉਡੀਕ ਰਿਹਾ ਸਾਂ, ਉਹ ਆਉਣ ਤੇ ਮੈਂ ਧੰਨਵਾਦ ਕਰਾਂ, "ਬੜੀ ਚੰਗੀ ਥਾਂਵੇ ਪਹੁੰਚਾਇਆ ਹੈ ਮੈਨੂੰ।"

ਡੇਰੇ ਦੇ ਮਹੰਤ ਹਰੀ ਸਿੰਘ ਨੂੰ ਮੈਂ 'ਗੁਰੂ ਜੀ' ਆਖਣ ਲੱਗ ਪਿਆ। ਮੇਰੇ ਮੂੰਹੋਂ 'ਗੁਰੂ ਜੀ' ਸ਼ਬਦ ਸੁਣ ਕੇ ਹਰੀ ਸਿੰਘ ਬੜੇ ਖੁਸ਼ ਹੁੰਦੇ। ਇਕ ਦਿਨ ਉਹਨਾਂ ਮੈਨੂੰ ਗੇਰੂਏ ਰੰਗ ਦਾ ਪੰਜ ਮੀਟਰ ਕੱਪੜਾ ਦੇਂਦਿਆ ਆਖਿਆ, "ਤੂੰ ਆਹ ਇਕ ਸੂਟ ਸਿਲਵਾ ਲੈ.......ਖੁੱਲ੍ਹਾ-ਡੁਲ੍ਹਾ ਜਿਹਾ ਸੁਲਵਾਉਣਾ ਏਂ। ਇਹੋ ਪਹਿਨਿਆਂ ਕਰ, ਅਹਿ ਲੈ ਪਰਨਾ, ਇਹ ਸਿਰ ਪਰ ਬੰਨ੍ਹਿਆਂ ਕਰ। ਆਹਲੈ ਰੁਦਰਾਕਸ਼ ਦੀ ਮਾਲਾ.......।"

ਕੱਪੜੇ ਸੀਤੇ ਗਏ। ਪਹਿਲੀ ਬਾਰ ਪਹਿਨੇ ਸਨ ਇਸ ਰੰਗ ਦੇ ਕਪੜੇ। ਮਨ ਹੋਰ-ਹੋਰ ਸ਼ੀਲਤਾ ਨਾਲ ਭਰਨ ਲੱਗਿਆ ਤੇ ਆਤਮਾ ਅਨੰਦ-ਵਿਭੋਰ ਹੁੰਦੀ ਗਈ। ਪਹਿਲੇ ਦਿਨ ਹੀ ਭਾਸ਼ਾ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਰਛਪਾਲ ਸਿੰਘ ਗਿੱਲ ਨੇ ਆਖਿਆ, "ਓ ਆਹ ਕੀ, ਨਿਰਮਲਾ ਸੰਤ ਬਣਿਆ ਫਿਰਦਾਂ? ਸੰਤਾਂ ਕੋਲ ਰਹਿਨਾ ਏਂ, ਬਣ ਈ ਗਿਆ ਸੰਤ ?"

ਹੋਰ ਵੀ ਦਫਤਰੀਆਂ ਸੰਤ ਆਖਿਆ। ਮੈਂ ਭਾਵੇਂ ਸੰਤ ਨਹੀਂ ਸਾਂ, ਪਰ 'ਸੰਤ' ਅਖਵਾਕੇ ਬੜੀ ਹੀ ਖੁਸ਼ੀ ਲੱਭੀ ਸੀ, ਵੱਖਰੀ ਤਰ੍ਹਾਂ ਦੀ ਖੁਸ਼ੀ। ਦੋ-ਤਿੰਨ ਦਿਨਾਂ ਬਾਅਦ ਜਦ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਪਾਸ ਗਿਆ ਤਾਂ ਉਹ ਗੁੱਸੇ ਹੋਣ ਲੱਗੇ, "ਤੈਨੂੰ ਇੰਜ ਕਰਨ ਦੀ ਕੀ ਲੋੜ ਸੀ ? ਜਲੂਸ ਕੱਢ ਰਿਹਾ ਏਂ। ਅੱਗੇ ਤੋਂ ਇਉਂ ਨਾ ਕਰੀਂ। ਡੇਰੇ ਆਣ ਕੇ ਪਹਿਨ ਲਿਆ ਕਰ ਚੋਲਾ। ਦਫਤਰ ਵਿੱਚ ਆਮ ਕਪੜੇ ਪਾ ਕੇ ਜਾਇਆ ਕਰ।"

ਪ੍ਰੋ. ਕਸੇਲ ਨੂੰ ਦਫਤਰ ਦੇ ਇੱਕ "ਨਾਟਕਕਾਰ" ਨੇ ਦੱਸ ਦਿੱਤਾ ਸੀ ਕਿ, "ਉਹ ਭਗਵੇਂ ਕੱਪੜੇ ਪਾਈ ਫਿਰਦਾ ਹੈ। ਦਫਤਰ ਵਾਲੇ ਮਖੌਲ ਉਡਾਂਦੇ ਹਨ।"

ਇਕ ਮਹੰਤ ਡੇਰੇ ਆਇਆ। ਉਹ ਮਹੰਤ ਜੋਗਿੰਦਰ ਸਿੰਘ ਹੋਰਾਂ ਦਾ ਚੰਗਾ ਲਿਹਾਜ਼ੀ ਸੀ। ਮੈਨੂੰ ਮਿਲ ਕੇ ਆਖਣ ਲੱਗਾ, "ਸੰਤ ਜੋਗਿੰਦਰ ਸਿੰਘ ਨੂੰ ਦੱਸਾਂਗਾ ਕਿ ਤੁਹਾਡਾ ਭਤੀਜਾ ਵੀ ਸੰਤ ਹੋ ਗਿਆ ਏ। ਮੈਂ ਉਨ੍ਹਾਂ ਪਾਸ ਚੱਲਾ ਹਾਂ।" ਮੈਂ ਕਿਹਾ, "ਜਾਂਦੇ ਓ ਤਾਂ ਮੇਰੀ ਚਿੱਠੀ ਲਈ ਜਾਵੋ।" ਚਿੱਠੀ ਵਿੱਚ ਮੈਂ ਸਭ ਹਾਲ ਕਮਾਲ ਲਿਖ ਦਿੱਤਾ ਸੀ ਤੇ ਬਾਰ-ਬਾਰ ਧੰਨਵਾਦ ਕੀਤਾ ਸੀ ਮਹੰਤ ਜੀ ਦਾ। ਮੈਨੂੰ ਉਹਨਾਂ ਰਾਹੀਂ ਇੱਕ ਨਵੀਂ ਸੰਗਤ ਲੱਭੀ ਸੀ।

ਮਹੀਨੇ ਕੁ ਪਿੱਛੋਂ ਮਹੰਤ ਜੋਗਿੰਦਰ ਸਿੰਘ ਪਟਿਆਲੇ ਆਣ ਪਧਾਰੇ। ਅਸੀਂ ਸਾਰੇ ਬੜੇ ਖੁਸ਼ ਹਾਂ। ਮਹੰਤ ਹਰੀ ਸਿੰਘ ਨੇ ਆਪਣਾ ਵਿਸ਼ਰਾਮੀ-ਕਮਰਾ ਉਹਨਾਂ ਲਈ ਛੱਡ ਦਿੱਤਾ। ਮਹੰਤ ਹਰੀ ਸਿੰਘ ਆਪ ਹੇਠਾਂ ਬੈਠਦਾ ਤੇ ਸੰਤ ਜੋਗਿੰਦਰ ਸਿੰਘ ਕਮਰੇ ਵਿੱਚ ਡੱਠੇ ਦੀਵਾਨ ਉਪਰ। ਜਦ ਲੰਗਰ ਛਕਣ ਬੈਠਦੇ, ਤਾਂ ਥਾਲੀ ਚੁਕ ਕੇ ਪਹਿਲੋਂ ਮਹੰਤ ਹਰੀ ਸਿੰਘ ਮਹੰਤ ਜੋਗਿੰਦਰ ਸਿੰਘ ਅੱਗੇ ਰੱਖਦਾ। ਜਦ ਤੱਕ ਮਹੰਤ ਜੋਗਿੰਦਰ ਸਿੰਘ ਪਹਿਲੀ ਬੁਰਕੀ ਤੋੜ ਨਾ ਲੈਂਦਾ, ਤਦ ਤੱਕ ਹਰੀ ਸਿੰਘ ਆਪਣੀ ਬੁਰਕੀ ਨਾ ਤੋੜਦਾ। ਮੈਂ ਹਰੀ ਸਿੰਘ ਵਲੋਂ ਕੀਤੇ ਜਾਂਦੇ ਅਥਾਹ-ਸਤਿਕਾਰ ਨੂੰ ਦੇਖਕੇ ਹੈਰਾਨ ਵੀ ਹੁੰਦਾ ਤੇ ਖੁਸ਼ ਵੀ।

ਮਹੀਨਾ-ਭਰ ਰਹਿਣ ਪਿਛੋਂ ਮਹੰਤ ਜੋਗਿੰਦਰ ਸਿੰਘ ਨੇ ਆਲਾਹਾਬਾਦ ਵੱਲ ਚਾਲੇ ਪਾਏ। ਪਿਛੋਂ ਅਸੀਂ ਸਾਰੇ ਰਲਕੇ ਉਨ੍ਹਾਂ ਨੂੰ ਚੇਤੇ ਕਰਦੇ। ਆਪਣੀ ਗਿਆਰਾਂ ਵਰ੍ਹਿਆਂ ਦੀ ਆਯੂ ਵਿੱਚ ਹੀ ਨਿਰਮਲੇ ਸੰਤ ਬਣ ਜਾਣ ਵਾਲੇ ਜੋਗਿੰਦਰ ਸਿੰਘ, ਦੁਨੀਆਂ ਛੱਡਣ ਵੇਲੇ ੬੮ ਵਰ੍ਹਿਆਂ ਦੇ ਸਨ। ਬੜੀ ਦੇਰ ਤੋਂ ਉਹਨਾਂ ਨਾਲ ਮੇਲ-ਮਿਲਾਪ ਨਹੀਂ ਸੀ ਹੋਇਆ। ਉਹ ਲੰਮੀ ਯਾਤਰਾ ਕਰਕੇ ਪਿੰਡ ਪਰਤ ਰਹੇ ਸਨ। ਪਤਾ ਨਹੀਂ ਕਿਥੋਂ ਆਏ ਸਨ ? ਆਪਣੀ ਇਕ ਰਿਸ਼ਤੇਦਾਰੀ ਵਿੱਚ ਚਲੇ ਗਏ। ਪਿੰਡ ਪਰਤ ਨਹੀਂ ਹੋਇਆ, "ਗੁਰੂ ਘਰ" ਵੱਲ ਪਰਤ ਗਏ। ਉਹਨਾਂ ਆਪਣੀ ਯਾਤਰਾ ਆਪਣੀ ਜਨਮ ਥਾਂ ਆਣ ਕੇ ਸਮਾਪਤ ਕੀਤੀ। ਜਿਵੇਂ ਉਹ ਜਾਣ ਗਏ ਸਨ ਕਿ ਉਹ "ਗੁਰੂ-ਘਰ" ਜਾ ਰਹੇ ਨੇ। ਪਤਾ ਨਹੀਂ, ਕਿਥੇ-ਕਿਥੇ ਤੁਰਦੇ ਰਹੇ ਪਰੰਤੂ ਅੰਤਿਮ ਸਾਹ ਜੰਮਣ ਭੋਇੰ ਉਤੇ ਲਿਖੇ ਸਨ। ਉਹਨਾਂ ਦੇ ਘਰ ਵਾਲਿਆਂ ਅਟੈਚੀਕੇਸ ਖੋਲ੍ਹਿਆ। ਕੱਪੜਿਆਂ ਦੇ ਸਭ ਤੋਂ ਉੱਪਰ ਉਹਨਾਂ ਦੀ ਜੱਦੀ-ਜਾਇਦਾਦ ਦੀ ਵਸੀਅਤ ਪਾਈ ਹੋਈ ਸੀ, ਜੋ ਭਤੀਜਿਆਂ ਤੇ ਭਰਾਵਾਂ ਦੇ ਨਾਉਂ ਕਰਵਾਈ ਹੋਈ ਸੀ।

ਦਰੀ ਉੱਤੇ ਬੈਠੇ ਬੰਦੇ ਉਠੇ। ਸੰਤ ਜੀ ਨੂੰ ਇਸ਼ਨਾਨ ਕਰਵਾਉਣ ਲਈ ਮੰਜਾ ਚੁੱਕ ਲਿਆ।

ਮੇਰੀਆਂ ਯਾਦਾਂ ਦੀ ਲੜੀ ਟੁੱਟ ਗਈ।

*ਪਿੰਡ-ਡਾਕ. ਘੁਗਿਆਣਾ*
*(ਫਰੀਦਕੋਟ)*



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Singh & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

*Sister Concern :*

**M/s Kartar Singh**
**ARMS & AMMUNITION DEALERS**





Namdhari Elibrary NamdhariElibrary@gmail.com

# ਕੁਝ ਪੜ੍ਹਨ ਯੋਗ ਪੜ੍ਹੀਆਂ ਪੁਸਤਕਾਂ

—*ਪਿਆਰਾ ਸਿੰਘ ਭੋਗਲ*

ਲਿਖਣ-ਪੜ੍ਹਨ ਦਾ ਕੰਮ ਕਰਦਿਆਂ-ਕਰਦਿਆਂ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ ਜਾਂਦੀਆ ਹਨ। ਜਦੋਂ ਕੋਈ ਕਿਤਾਬ ਵਿਸ਼ੇਸ਼ ਧਿਆਨ ਖਿਚਦੀ ਹੈ, ਤਾਂ ਮਨ ਵਿੱਚ ਖਿਆਲ ਆਉਂਦਾ ਹੈ, ਇਸ ਉੱਤੇ ਕਿਸੇ ਪਰਚੇ ਵਿੱਚ ਟਿੱਪਣੀ ਕੀਤੀ ਜਾਏ। ਪਰ ਸਮੇਂ ਦੀ ਘਾਟ ਕਾਰਨ ਮਨ ਦਾ ਖ਼ਿਆਲ ਮਨ ਵਿੱਚ ਹੀ ਰਹਿ ਜਾਂਦਾ ਹੈ।

ਮਾਰਚ ਦੇ ਅਖੀਰ ਵਿੱਚ ਐਮ. ਏ. ਪੰਜਾਬੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਤੋਂ ਵਿਹਲ ਮਿਲਿਆ ਤਾਂ ਕਈ ਕੁਝ ਨਵਾਂ ਪੜ੍ਹਿਆ। ਉਨ੍ਹਾਂ ਵਿਚੋਂ ਕੁਝ ਪੁਸਤਕਾਂ ਉਤੇ ਸੰਖੇਪ ਟਿੱਪਣੀ ਹਾਜ਼ਰ ਹੈ।

**ਡਾ : ਕਰਤਾਰ ਸਿੰਘ ਸੂਰੀ ਦੀਆਂ ਅਮਿੱਟ ਯਾਦਾਂ**

"੨੮ ਦਸੰਬਰ ੨੦੦੩ ਨੂੰ ਬਾਊਜੀ (ਸ੍ਰ. ਨਾਨਕ ਸਿੰਘ) ਨੂੰ ਇਸ ਜਹਾਨ ਤੋਂ ਰੁਖ਼ਸਤ ਹੋਇਆ ਪੂਰੇ ੩੨ ਸਾਲ ਹੋ ਗਏ ਹਨ। ਆਪਣੀ ਹਯਾਤੀ ਦੇ ਚੁਹੱਤਰਾਂ ਸਾਲਾਂ ਵਿਚੋਂ ਉਹਨਾਂ ਨੇ ਕੇਵਲ ਬਚਪਨ ਦੇ ਚੌਦਾਂ ਵਰ੍ਹੇ ਛੱਡ ਕੇ ਬਾਕੀ ਦੇ ਸੱਠ ਸਾਲ ਪੰਜਾਬੀ ਸਾਹਿਤ ਨੂੰ ਅਰਪਣ ਕੀਤੇ। ਇਸ ਸਾਰੇ ਅਰਸੇ ਵਿੱਚ ਉਹਨਾਂ ਨੇ ਪੰਜ ਕਾਵਿ ਸੰਗ੍ਰਹਿ, ਅਠੱਤੀ ਨਾਵਲ, ਸੱਤ ਕਹਾਣੀ-ਸੰਗ੍ਰਹਿ, ਚਾਰ ਨਾਟਕ-ਸੰਗ੍ਰਹਿ, ਦੋ ਸ੍ਵੈ-ਜੀਵਨੀਆਂ, ਇਕ ਨਿਬੰਧ-ਸੰਗ੍ਰਹਿ ਤੇ ਸੱਤ ਨਾਵਲਾਂ ਤੇ ਕਹਾਣੀਆਂ ਦੇ ਅਨੁਵਾਦ ਛਾਪੇ। ਕੁਝ ਇਕ ਫੁਟਕਲ ਰਚਨਾਵਾਂ ਨੂੰ ਇਸ ਵਿੱਚ ਸ਼ਾਮਲ ਕਰ ਲਿਆ ਜਾਏ, ਤਾਂ ਇਹਨਾਂ ਦੀ ਕੁਲ ਗਿਣਤੀ ੬੫ ਬਣਦੀ ਹੈ। ਸੱਠ ਸਾਲਾਂ ਵਿਚੋਂ ਪੈਂਹਠ ਰਚਨਾਵਾਂ।"

ਇਹ ਵਾਕ ਡਾ: ਕਰਤਾਰ ਸਿੰਘ ਸੂਰੀ ਨੇ ਆਪਣੇ ਪ੍ਰਸਿੱਧ ਨਾਵਲਕਾਰ-ਪਿਤਾ ਸ੍ਰ. ਨਾਨਕ ਸਿੰਘ ਦੀ ੨੮ ਦਸੰਬਰ ੧੯੭੧ ਨੂੰ ਹੋਈ ਦੁਖਦਾਈ ਮੌਤ ਦੇ ਦਿਨ ਨੂੰ ਯਾਦ ਕਰਦਿਆਂ ੨੦੦੩ ਈ. ਵਿਚ ਲਿਖੇ, ਜਦੋਂ ਉਹ ਆਪਣੀ ਪੁਸਤਕ "ਅਮਿੱਟ ਯਾਦਾਂ" ਛਪਵਾਉਣ ਦੀ ਤਿਆਰੀ ਕਰ ਰਹੇ ਸਨ। "ਅਮਿੱਟ ਯਾਦਾਂ" ਪੜ੍ਹਨ-ਯੋਗ ਪੁਸਤਕ ਹੈ। ਬਹੁਤ ਸੁਆਦਲੀ ਤੇ ਸੂਚਨਾ ਨਾਲ ਭਰਪੂਰ। ਇਸ ਵਿੱਚ ਡਾ: ਕਰਤਾਰ ਸਿੰਘ ਸੂਰੀ ਦੀਆਂ ਯਾਦਾਂ ਤਾਂ ਹਨ ਹੀ, ਨਾਲ ਨਾਲ ਸ. ਨਾਨਕ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਹੋਰ ਕਈ ਪ੍ਰਸਿੱਧ ਲੇਖਕਾਂ ਅਤੇ ਵਿਦਵਾਨਾਂ ਨਾਲ ਜੁੜੀਆਂ ਦਿਲਚਸਪ ਯਾਦਾਂ ਵੀ ਅੰਕਿਤ ਹਨ।

ਅੱਜ ਜਦੋਂ ਸ. ਨਾਨਕ ਸਿੰਘ ਨੂੰ ਯਾਦ ਕੀਤਾ ਜਾਂਦਾ ਹੈ, ਤਾਂ ਸਮਝਿਆ ਜਾਂਦਾ ਹੈ ਕਿ ਉਹ ਵੱਡੇ ਨਾਵਲਕਾਰ ਸਨ, ਤੇ ਆਪਣੀ ਨਾਵਲੀ—ਸ਼ੁਹਰਤ ਦੀ ਧੁੱਪ ਵਿੱਚ ਸੁਖ-ਭਰਿਆ ਜੀਵਨ ਬਤੀਤ ਕਰਦੇ ਰਹੇ। ਪਰ ਇਹ ਕੌੜਾ ਸੱਚ ਨਾਨਕ ਸਿੰਘ ਦਾ ਜ਼ਹੀਨ ਵੱਡਾ—ਬੇਟਾ ਕਰਤਾਰ ਸਿੰਘ ਸੂਰੀ ਹੀ ਸਮਝਦਾ ਸੀ ਕਿ ਉਨ੍ਹਾਂ ਦੇ ਪਿਤਾ ਲਈ ਨਾਵਲ ਲਿਖਣਾ ਸਿਰਫ਼ ਰਸਦਾਇਕ ਸਿਰਜਣਾਤਮਕ-ਕੰਮ ਹੀ ਨਹੀਂ ਸੀ, ਕਲਮੀ—ਮਜ਼ਦੂਰ ਦੀ ਲਹੂ-ਵੀਟਵੀਂ ਮੁਸ਼ੱਕਤ ਵੀ ਸੀ। ਸੂਰੀ ਸਾਹਿਬ ਨੇ "ਅਮਿੱਟ ਯਾਦਾਂ" ਵਿਚ ਇਕ ਤੋਂ ਵੱਧ ਵਾਰ ਨਾਨਕ ਸਿੰਘ ਦੀ "ਮਿਹਨਤ ਕਰਨ ਦੀ ਮਜਬੂਰੀ" ਦਾ ਜ਼ਿਕਰ ਕੀਤਾ ਹੈ।

"ਬਾਊ ਜੀ—ਬਹੁਤ ਤੇਜ਼ ਰਫ਼ਤਾਰ ਨਾਲ ਲਿਖਦੇ ਸਨ। ਮੈਂ ਸੋਚਦਾ, ਬਾਊ ਜੀ ਏਨਾ ਕਿਉਂ ਲਿਖਦੇ ਸਨ ? ਕਿਉਂ ਹਰ ਸਾਲ ਉਹਨਾਂ ਨੂੰ ਕੋਈ ਨਾ ਕੋਈ ਨਾਵਲ ਲਿਖਣਾ ਪੈਂਦਾ ਸੀ? ਤੇ ਫਿਰ ਮੈਂ ਆਪ ਹੀ ਇਸ ਸਿੱਟੇ ਤੇ ਪਹੁੰਚਦਾ ਕਿ ਬਾਊ ਜੀ ਦੀਆਂ ਲਿਖਣ ਦੀਆਂ ਦੋ ਮਜਬੂਰੀਆਂ ਸਨ। ਪਹਿਲੀ, ਇਕ ਕਲਾਕਾਰ ਦੀ ਅਸਲੀ ਤੇ ਸੱਚੀ (genuine) ਮਜਬੂਰੀ, ਜਦੋਂ ਕਿ ਉਹਨਾਂ ਦੇ ਅੰਦਰ ਵਿਚਾਰਾਂ ਦਾ ਜਵਾਲਾਮੁਖੀ ਆਪ-ਮੁਹਾਰੇ ਫਟਣ ਲਗਦਾ ਸੀ ਤੇ ਉਹ ਨਾਵਲ ਲਿਖਦੇ ਸਨ। ਦੂਸਰੀ ਮਜਬੂਰੀ ਸੀ-ਆਰਥਕ ਮਜਬੂਰੀ। ਘਰ ਦੀਆਂ ਮਾਇਕ-ਔਕੜਾਂ ਦੇ ਸਨਮੁਖ ਉਹਨਾਂ ਪਾਸ ਲਿਖਣ ਦੇ ਸਿਵਾਇ ਹੋਰ ਕੋਈ ਚਾਰਾ ਨਹੀਂ ਸੀ ਰਹਿ ਜਾਂਦਾ। ਉਹ ਨਾਵਲ-ਰਚਨਾ ਨੂੰ ਇਕ ਧੰਦੇ (profession) ਦੇ ਤੌਰ ਤੇ ਵਰਤਣ ਤੇ ਮਜਬੂਰ ਹੋ ਜਾਂਦੇ ਸਨ।" (ਸਫ਼ਾ ੯੯-੧੦੦)

ਸ. ਨਾਨਕ ਸਿੰਘ ਜਿੰਨੇ ਵੱਡੇ ਨਾਵਲਕਾਰ ਸਨ, ਉਨੇ ਹੀ ਵੱਡੇ ਉਹਨਾਂ ਦੇ ਸਮਕਾਲੀ ਮਿੱਤਰ, ਪ੍ਰਸੰਸਕ ਵਿਦਵਾਨ ਅਤੇ ਸ਼ਹਿਰੀ-ਗੁਆਂਢੀ ਸਨ। ਜੇ ਕਾਲਜ ਦੀ ਪੜ੍ਹਾਈ ਕਰਕੇ ਕਰਤਾਰ ਨੂੰ ਅੰਮ੍ਰਿਤਸਰ ਵਿੱਚ ਇਮਤਿਹਾਨ ਦੇ ਦਿਨਾਂ ਵਿਚ ਇਮਤਿਹਾਨੀ-ਕੇਂਦਰ ਦੇ ਨੇੜੇ ਦੇ ਕਿਸੇ ਘਰ ਵਿੱਚ ਰਿਹਾਇਸ਼ ਰੱਖਣ ਦੀ ਲੋੜ ਮਹਿਸੂਸ ਹੁੰਦੀ ਹੈ, ਤਾਂ ਉਹ ਪੁੱਤਰ ਨੂੰ ਲਾਲ ਧਨੀ ਰਾਮ ਚਾਤ੍ਰਿਕ ਦੀ ਕੋਠੀ ਵਿੱਚ ਰਹਿਣ ਲਈ ਭੇਜ ਦਿੰਦੇ ਹਨ, ਜਿੱਥੇ ਕਰਤਾਰ ਘਰ ਦੇ ਜੀਆਂ ਵਾਂਗ ਰਹਿੰਦਾ ਹੈ। ਜੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਲੈੱਕਚਰਾਰ ਦੇ ਤੌਰ ਤੇ ਕੰਮ ਕਰਦਿਆਂ ਕਰਤਾਰ ਸਿੰਘ ਸੂਰੀ ਨੂੰ ਪੀ.ਐਚ.ਡੀ. ਦੀ ਖੋਜ ਲਈ ਢੁਕਵਾਂ ਵਿਸ਼ਾ ਚੁਣਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਉਹ ਆਚਾਰਯ ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦੀ ਸ਼ਰਣ ਵਿੱਚ ਜਾਂਦਾ ਹੈ। ਆਚਾਰਯ ਜੀ ਦੀ ਸਲਾਹ ਨਾਲ ਵਿਸ਼ਾ ਤਾਂ ਚੁਣਿਆ ਜਾਂਦਾ ਹੀ ਹੈ, ਇਹ ਭੇਤ ਵੀ ਖੁਲ੍ਹਦਾ ਹੈ ਕਿ ਆਚਾਰਯ ਜੀ ਨੇ ਨਾਨਕ ਸਿੰਘ ਦੇ ਨਾਵਲ ਪੜ੍ਹੇ ਹੋਏ ਹਨ, ਤੇ ਨਾਨਕ



Namdhari Elibrary NamdhariElibrary@gmail.com

ਸਿੰਘ ਨੇ ਆਚਾਰਜ ਜੀ ਦੀਆਂ ਕਈ ਕਿਤਾਬਾਂ ਪੜ੍ਹੀਆਂ ਹੋਈਆਂ ਹਨ। ਇਕ ਦਿਨ ਦੋਨਾਂ ਮਹਾਨ ਲੇਖਕਾਂ ਦੀ ਚੰਡੀਗੜ੍ਹ ਵਿੱਚ ਮੁਲਾਕਾਤ ਹੁੰਦੀ ਹੈ ਜਿਸ ਦਾ ਵਰਣਨ "ਦੋ ਨਾਮਵਰ ਸਾਹਿਤਕਾਰਾਂ ਦਾ ਮਿਲਨ" ਕਾਂਡ ਵਿੱਚ ਆਇਆ ਹੈ।

ਸੂਰੀ ਸਾਹਿਬ ਨੇ ਆਪਣੇ ਨਿੱਜੀ ਜੀਵਨ ਦੀਆਂ ਯਾਦਾਂ ਵਰਣਨ ਕਰਦਿਆਂ ਜੋ ਘਟਨਾਵਾਂ ਵਰਣਨ ਕੀਤੀਆਂ ਹਨ, ਉਹਨਾਂ ਦਾ ਬ੍ਰਿਤਾਂਤ, "ਦਸਵੀਂ ਦਾ ਇਮਤਿਹਾਨ ਕਿ ਪਿਕਨਿਕ", "ਸੰਕਟ ਦੇ ਦਿਨ", "ਅੰਬਾਲੇ ਦਾ ਸ਼ਰਨਾਰਥੀ ਕੈਂਪ", "ਗੁਰੂ ਸਰ ਸੁਧਾਰ ਵਿੱਚ ਬਿਤਾਏ ਦਿਨ" ਅਤੇ "ਜ਼ਮੀਰ ਦੀ ਆਵਾਜ਼" ਵਿੱਚ ਆਇਆ ਹੈ।

ਡਾ. ਕਾਲਾ ਸਿੰਘ ਬੇਦੀ ਪੰਜਾਬੀ ਦੇ ਪ੍ਰਸਿੱਧ ਖੋਜੀ ਵਿਦਵਾਨ ਸਨ। ਡਾ. ਸੂਰੀ ਵਾਂਗ ਅਸੀਂ ਆਪ ਵੀ ਉਹਨਾਂ ਦੀਆਂ ਕਈ ਪੁਸਤਕਾਂ ਪੜ੍ਹੀਆਂ ਹੋਈਆਂ ਹਨ। ਪਰ ਦਿੱਲੀ ਵਿੱਚ ਰੀਡਰਸ਼ਿਪ ਦੀ ਨੌਕਰੀ ਪ੍ਰਾਪਤ ਕਰਨ ਲਈ ਇੰਟਰਵਿਊ ਦੇਣ ਗਏ ਡਾ. ਸੂਰੀ ਨੇ ਜਦੋਂ ਦੇਖਿਆ ਕਿ ਬੇਦੀ ਦੇ ਪਰਿਵਾਰ ਅਤੇ ਘਰ ਦੀ ਹਾਲਤ ਬਹੁਤ ਮਾੜੀ ਹੈ ਤੇ ਰੀਡਰ ਦੀ ਨੌਕਰੀ ਦੀ ਲੋੜ ਉਸਨੂੰ ਸੂਰੀ ਨਾਲੋਂ ਵੱਧ ਹੈ, ਤਾਂ ਸੂਰੀ ਨੇ ਜਾਣ-ਬੁੱਝ ਕੇ ਅਜਿਹਾ ਇੰਟਰਵਿਊ ਦਿੱਤਾ, ਜਿਸ ਨਾਲ ਸੂਰੀ ਸਾਹਿਬ ਰੱਦ ਹੋ ਗਏ, ਤੇ ਕਾਲਾ ਸਿੰਘ ਬੇਦੀ ਚੁਣੇ ਗਏ।

ਪੁਸਤਕ ਦੇ ਕਈ ਕਾਂਡ ਅਸੀਂ ਵਾਰ ਵਾਰ ਪੜ੍ਹੇ ਹਨ। ਸਾਹਿਤਕਾਰਾਂ ਦੇ ਨਾਲ ਕਈ ਹੋਰ ਪ੍ਰਸਿੱਧ ਵਿਅਕਤੀਆਂ ਦੇ ਕਿਰਦਾਰ ਮਨ ਵਿੱਚ ਉਭਰਦੇ ਹਨ, ਜਿਵੇਂ ਗੁਰੂ ਸਰ ਸੁਧਾਰ ਦੇ ਪ੍ਰਿੰਸੀਪਲ ਸ. ਇਕਬਾਲ ਸਿੰਘ ਦਾ ਕਿਰਦਾਰ। ਇਸ ਕਾਲਜ ਦਾ ਸਮੁੱਚਾ ਵਾਤਾਵਰਣ ਬਹੁਤ ਮਨਮੋਹਣਾ ਪ੍ਰਤੀਤ ਹੋਇਆ ਹੈ। ਮਨ ਵਿੱਚ ਪਿਆਸ ਜਾਗਦੀ ਹੈ, ਸੂਰੀ ਸਾਹਿਬ ਹੋਰ ਵਿਸਥਾਰ ਨਾਲ ਗਲ ਕਰਦੇ। ਅੱਜ ਦੇ ਪੰਜਾਬੀ ਕਵਿਤਾ ਦੇ ਪਾਠਕ ਹਰਦਿਆਲ ਸਿੰਘ ਸੀਕਰੀ ਨੂੰ ਭੁੱਲ ਚੁੱਕੇ ਹਨ। ਪਰ ਕਿਸੇ ਜ਼ਮਾਨੇ ਵਿੱਚ ਸੀਕਰੀ ਪੰਜਾਬੀ ਦੇ ਪ੍ਰਸਿੱਧ ਕਵੀ ਸਨ। ਵਿਦਵਾਨਾਂ ਵਿਚੋਂ ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਮੋਹਨ ਸਿੰਘ ਦੀਵਾਨਾ ਦਾ ਕਾਫੀ ਜ਼ਿਕਰ ਆਇਆ ਹੈ। ਪਰ ਪਾਠਕ ਦੀ ਤਸੱਲੀ ਨਹੀਂ ਹੁੰਦੀ। ਪਾਠਕ ਹੋਰ ਵੇਰਵਾ ਪੜ੍ਹਨਾ ਚਾਹੁੰਦਾ ਹੈ। ਇਨ੍ਹਾਂ ਪ੍ਰਸਿੱਧ ਵਿਦਵਾਨਾਂ ਦੇ ਆਪਣੇ ਗੁਣ ਸਨ, ਤੇ ਆਪਣੇ ਔਗੁਣ। ਇਨ੍ਹਾਂ ਦੇ ਸਰਬ-ਪੱਖੀ ਚਰਿਤਰ ਅੱਜ ਤੱਕ ਵੀ ਚਿਤਰੇ ਨਹੀਂ ਗਏ। ਇਨ੍ਹਾਂ ਦੇ ਚਰਿਤਰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਹਿੱਸਾ ਹਨ। ਇਹ ਚਿਤਰਣੇ ਚਾਹੀਦੇ ਹਨ। ਅਸਲ ਵਿੱਚ ਡਾ. ਸੂਰੀ ਨੇ ਕਈ ਯੂਨੀਵਰਸਿਟੀ ਵਿਭਾਗਾਂ ਵਿੱਚ ਪੜ੍ਹਾਇਆ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਅਤੇ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ। ਵਿਭਾਗ ਆਪਣੇ ਆਪ ਵਿੱਚ ਇਕ ਦੁਨੀਆਂ ਹੁੰਦਾ ਹੈ। ਇਨ੍ਹਾਂ ਦੀ ਤਸਵੀਰ-ਕਸ਼ੀ ਦੀ ਲੋੜ ਹੈ। ਪ੍ਰਤੀਤ ਹੁੰਦਾ ਹੈ, ਡਾ. ਸੂਰੀ ਦੀ ਸਿਮਰਤੀ ਵਿੱਚ ਬਹੁਤ ਕੁਝ ਸੰਭਾਲਿਆ ਪਿਆ ਹੈ। ਇਹ ਲਿਖਤ ਵਿੱਚ ਆਉਣਾ ਚਾਹੀਦਾ ਹੈ। ਡਾ. ਸੂਰੀ ਲੇਖਕ ਹਨ, ਪਰ ਲਿਖਦੇ ਘਟ ਹਨ। ਇਹ ਪੁਸਤਕ ਉਨ੍ਹਾਂ ਦੀ ਲਿਖਣ-ਯੋਗਤਾ ਦੇ ਦਰਸ਼ਨ ਕਰਾਉਂਦੀ ਹੈ। ਉਨ੍ਹਾਂ ਨੂੰ ਆਪਣੀਆਂ ਬਾਕੀ ਯਾਦਾਂ ਵੀ ਲਿਖਣੀਆਂ ਚਾਹੀਦੀਆਂ ਹਨ।

## ਗਾਥਾ ਸੁਤੰਤਰਤਾ ਸੰਗਰਾਮ ਦੀ

ਮਨੁੱਖੀ ਇਤਿਹਾਸ ਦੇ ਕਿਸੇ ਪੜਾਅ ਉਤੇ ਜਦੋਂ ਭੈੜੀਆਂ ਹਾਲਤਾਂ ਪੈਦਾ ਹੋਈਆਂ, ਤਾਂ ਮਨੁੱਖਾਂ ਵਿਚੋਂ ਹੀ ਮਹਾਂ-ਪੁਰਖ ਪੈਦਾ ਹੋਏ। ਪ੍ਰਾਚੀਨ ਕਾਲ ਤੇ ਮੱਧਕਾਲ ਵਿੱਚ ਇਨ੍ਹਾਂ ਮਹਾਂ-ਪੁਰਖਾਂ ਨੂੰ ਗੁਰੂ, ਅਵਤਾਰ, ਪੈਗੰਬਰ ਆਖਿਆ ਗਿਆ। ੧੯੫੦ ਈ. ਵਿਚ ਜਦੋਂ ਪੰਜਾਬ ਅੰਗਰੇਜ਼ੀ-ਸਾਮਰਾਜ ਦੇ ਅਧੀਨ ਚਲਾ ਗਿਆ, ਤਾਂ ਸਿੱਖ-ਮਨਾਂ ਦੀ ਪੀੜ ਤੇ ਚਿੰਤਾ ਸਤਿਗੁਰ ਰਾਮ ਸਿੰਘ, ਗੁਰੂ ਹਰੀ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਰੂਪ ਵਿੱਚ ਪਰਗਟ ਹੋਈ। ਇਨ੍ਹਾਂ ਨੇ ਭੁੱਲੇ-ਭਟਕੇ ਭਾਈਚਾਰੇ ਨੂੰ ਸੁਧਾਰਿਆ ਤੇ ਸਿੱਧੇ ਰਾਹ ਪਾਇਆ। ਅੱਜ ਤੱਕ ਵੀ ਨਾਮਧਾਰੀ ਸੰਪਰਦਾ, ਪੰਜਾਬ ਦੀਆਂ ਹੋਰ ਧਾਰਮਕ ਸੰਪਰਦਾਵਾਂ ਦੇ ਮੁਕਾਬਲੇ ਵਿੱਚ, ਸਮਾਜ ਅਤੇ ਸਭਿਆਚਾਰ ਦੇ ਖੇਤਰ ਵਿੱਚ ਬਹੁਤ ਬਿਹਤਰ ਕੰਮ ਕਰ ਰਹੀ ਹੈ। ਖਰਚੀਲੀਆਂ ਸ਼ਾਦੀਆਂ ਦਾ ਰਿਵਾਜ ਰੋਕਣਾ ਅਤੇ ਗੁਰਬਾਣੀ ਦਾ ਪਾਠ ਅਤੇ ਗਾਇਣ, ਖਾਸ ਤੌਰ ਤੇ ਸ਼ਾਸਤਰੀ ਸੰਗੀਤ ਦਾ ਉੱਚ-ਪੱਧਰ ਦਾ ਪ੍ਰਚਲਨ, ਨਾਮਧਾਰੀ ਸਤਿਗੁਰੂਆਂ ਦੀ ਬਹੁਤ ਵੱਡੀ ਬਖਸ਼ਸ਼ ਹੈ।

ਮੈਂ ਹਮੇਸ਼ਾ ਮਹਿਸੂਸ ਕਰਦਾ ਰਿਹਾ ਹਾਂ, ਸਤਿਗੁਰੂ ਰਾਮ ਸਿੰਘ ਅਤੇ ਦੂਜੇ ਨਾਮਧਾਰੀ ਮਹਾਂ-ਪੁਰਖਾਂ ਬਾਰੇ ਖੋਜ ਭਰਪੂਰ ਪੁਸਤਕਾਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ।

ਪਿਛਲੇ ਦਿਨਾਂ ਵਿੱਚ ਸ. ਦਲੀਪ ਸਿੰਘ ਨਾਮਧਾਰੀ ਦੀ ਪੁਸਤਕ "ਗਾਥਾ ਸੁਤੰਤਰਤਾ ਸੰਗਰਾਮ ਦੀ" ਪੜ੍ਹੀ। ਪੜ੍ਹਕੇ ਪਤਾ ਲੱਗਾ, ਇਸ ਸੰਪਰਦਾ ਬਾਰੇ ਬਹੁਤ ਕੁਝ ਜਾਨਣਾ ਬਾਕੀ ਹੈ। ਸਾਰੀ ਪੁਸਤਕ ਹੀ ਪੜ੍ਹਨ-ਯੋਗ ਹੈ, ਪਰ ਸਾਨੂੰ "ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ", "ਗੁਰਬਾਣੀ ਦਾ ਪਾਠ ਕਰਨ ਤੇ ਨਾਮ ਜਪਣ ਸੰਬੰਧੀ ਆਦੇਸ਼", "ਗੁਰੂ ਰਾਮ ਸਿੰਘ ਦੇ ਉਤ੍ਰਾਧਿਕਾਰੀ ਸਤਿਗੁਰੂ ਹਰੀ ਸਿੰਘ" ਅਤੇ "ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ" ਕਾਂਡ ਬਹੁਤ ਪ੍ਰਭਾਵਕਾਰੀ ਪ੍ਰਤੀਤ ਹੋਏ। ਪਾਠਕਾਂ ਨੂੰ ਇਹ ਸਾਰੀ ਪੁਸਤਕ ਪ੍ਰੇਮ ਨਾਲ ਪੜ੍ਹਨੀ ਚਾਹੀਦੀ ਹੈ।

## ਚੜ੍ਹਦੀ ਕਲਾ ਤੇ ਚੜ੍ਹਦੀ ਕਲਾ ਦੇ ਪੁੰਜ

ਇਹ ਡਾਕਟਰ ਹਰਨਾਮ ਸਿੰਘ ਸ਼ਾਨ ਦੀ ਪੁਸਤਕ ਹੈ। ਡਾ. ਹਰਨਾਮ ਸਿੰਘ ਸ਼ਾਨ ਸਿਰੜੀ-ਖੋਜੀ ਹਨ। ਬਹੁਤ ਸਾਲ ਪਹਿਲਾਂ "ਸੱਸੀ ਹਾਸ਼ਮ" ਬਾਰੇ ਖੋਜ-ਭਰਪੂਰ ਪੁਸਤਕ ਲਿਖ



Namdhari Elibrary NamdhariElibrary@gmail.com

ਕੇ ਆਪਣੇ ਖੋਜੀ-ਸੁਭਾਅ ਦੀ ਧਾਕ ਜਮਾ ਲਈ ਸੀ। ਪਿੱਛੋਂ ਸਾਰੀ ਉਮਰ ਗੁਰਬਾਣੀ ਉਤੇ ਕੰਮ ਕਰਦੇ ਰਹੇ। ਹਥਲੀ ਪੁਸਤਕ ਗੁਰਬਾਣੀ ਦੀ ਰੌਸ਼ਨੀ ਵਿੱਚ ਚੜ੍ਹਦੀ ਕਲਾ ਦਾ ਸੰਕਲਪ ਵਰਣਨ ਕਰਦੀ ਹੈ। ਡਾਕਟਰ ਸਾਹਿਬ ਦਾ ਮੱਤ ਹੈ ਕਿ ਸਿਖ ਧਰਮ ਮਨੁੱਖ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਮਾਰਗ ਦਸਦਾ ਹੈ। ਸ਼ੁਰੂ ਵਿੱਚ "ਚੜ੍ਹਦੀ ਕਲਾ ਦਾ ਸਿਧਾਂਤ" ਅਤੇ "ਚੜ੍ਹਦੀ ਕਲਾ ਦੀ ਪਰੰਪਰਾ" ਦੋ ਕਾਂਡ ਲਿਖ ਕੇ, ਅੱਗੋਂ ਲੱਗਪਗ ਸੌ ਸਫ਼ੇ ਡਾ. ਸ਼ਾਨ ਪਹਿਲੇ ਨੌ ਗੁਰੂ ਸਾਹਿਬਾਨ ਬਾਰੇ ਲਿਖਦੇ ਹਨ, ਤੇ ਸਿੱਧ ਕਰਦੇ ਹਨ ਕਿ ਇਹ ਗੁਰੂ-ਵਿਅਕਤੀ ਕਠਨ-ਹਾਲਾਤ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹੇ।

ਡਾ. ਸ਼ਾਨ ਦੀ ਪੁਸਤਕ ਦਾ ਅਗਲਾ ਵੱਡਾ ਹਿੱਸਾ ਗੁਰੂ ਗੋਬਿੰਦ ਸਿੰਘ ਬਾਰੇ ਹੈ। ਉਨ੍ਹਾਂ ਨੂੰ ਉਹ "ਚੜ੍ਹਦੀ ਕਲਾ ਦੀ ਸਿਖਰ" ਕਹਿੰਦੇ ਹਨ।

ਪੁਸਤਕ ਦੇ ਤੀਜੇ ਹਿੱਸੇ ਵਿੱਚ ਅਠ੍ਹਾਰਵੀਂ ਸਦੀ, ਉਨੀਵੀ ਸਦੀ ਤੇ ਵੀਹਵੀ ਸਦੀ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ।

ਸਾਰੀ ਪੁਸਤਕ ਡਾ. ਹਰਨਾਮ ਸਿੰਘ ਸ਼ਾਨ ਦੇ ਸੁਭਾਅ ਅਨੁਸਾਰ ਬਹੁਤ ਮਿਹਨਤ ਅਤੇ ਬਹੁਤ ਵੇਰਵੇ ਨਾਲ ਲਿਖੀ ਗਈ ਹੈ। ਡਾ. ਸ਼ਾਨ ਦੀ ਇੱਕੋ ਕਮਜ਼ੋਰੀ ਹੈ--ਉਨ੍ਹਾਂ ਦੀ ਲੋੜ ਤੋਂ ਵੱਧ ਸ਼ਰਧਾ। ਉਹ ਦਲੀਲ ਨਾਲ ਜਜ਼ਬਾਤ ਨੂੰ ਵੀ ਜੋੜ ਲੈਂਦੇ ਹਨ। ਇਸੇ ਕਰਕੇ ਉਹ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਨੂੰ "ਸਿੰਘ" ਸਿੱਧ ਕਰਨ ਲਈ ਜ਼ੋਰ ਲਾਉਂਦੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਭਗਤ ਸਿੰਘ ਆਪਣੇ ਆਪ ਨੂੰ "ਨਾਸਤਕ" ਕਹਿੰਦਾ ਸੀ। ਉਂਜ ਵੀ ਜੇ ਇਨ੍ਹਾਂ ਨੂੰ ਸਿੰਘ ਨਾ ਵੀ ਸਿੱਧ ਕਰੀਏ, ਤਾਂ ਵੀ ਇਹ ਸਿੱਖਾਂ ਜਾਂ ਪੰਜਾਬੀਆਂ ਦੀ ਕੁਰਬਾਨੀ ਦੀ ਪਰੰਪਰਾ ਨਾਲ ਹੀ ਜੁੜਦੇ ਹਨ।

## ਚੇਤਨਾ ਦੀ ਮਸ਼ਾਲ

ਇਹ ਪੁਸਤਕ ਕੁਲਵੰਤ ਜਗਰਾਉਂ ਦਾ ਸੱਤਵਾਂ ਕਾਵਿ ਸੰਗ੍ਰਹਿ ਹੈ। ਆਪਣੀਆਂ ਨਜ਼ਮਾਂ ਵਿੱਚ ਉਸਨੇ ਸ਼ਾਇਰਾਂ, ਭ੍ਰਿਸ਼ਟਾਚਾਰੀ ਆਗੂਆਂ ਜੰਗਬਾਜ਼ਾਂ ਅਤੇ ਫਿਰਕੂ ਝਗੜੇ ਕਰਾਉਣ ਵਾਲੇ ਲੋਕਾਂ ਉੱਤੇ ਵਾਰ-ਵਾਰ ਨੁਕਤਾਚੀਨੀ ਕੀਤੀ ਹੈ। ਬਹੁਤ ਵਾਰ ਇਹ ਕਵਿਤਾ ਸਿੱਧ ਪੱਧਰਾ ਬਿਆਨ ਰਹਿ ਜਾਂਦੀ ਹੈ। ਪਰ ਸ਼ੁਕਰ ਦੀ ਗਲ ਹੈ ਕਿ ਕੁਲਵੰਤ ਨੂੰ ਨਸਰੀ ਬਿਆਨ ਅਤੇ ਸ਼ਾਇਰੀ ਦੇ ਫ਼ਰਕ ਦਾ ਪਤਾ ਹੈ। ਇਸ ਕਰਕੇ ਜਦੋਂ ਉਹ ਨਸਰੀ ਬਿਆਨ ਤੋਂ ਪਰ੍ਹਾਂ ਹਟ ਕੇ ਸ਼ਾਇਰੀ ਵਲ ਰੁਖ ਮੋੜਦਾ ਹੈ, ਤਾਂ ਚੰਗੀ ਰਚਨਾ ਕਰਦਾ ਹੈ। ਇਹੋ ਜਿਹੇ ਸਮੇਂ ਸਾਦਗੀ ਵਿੱਚ ਵੀ ਸੁੰਦਰਤਾ ਪੈਦਾ ਹੋ ਜਾਂਦੀ ਹੈ :-

*ਲੋਰੀ ਬਈ ਲੋਰੀ, ਨੰਨੀ ਮੁੰਨੀ ਗੋਰੀ।*
*ਚਾਂਦੀ ਦਾ ਇਸ ਗੜਵਾ ਲੈਣਾ, ਸੋਨੇ ਦੀ ਕਟੋਰੀ।*
*ਮਿੱਠੀਆਂ ਮਿੱਠੀਆਂ ਗੱਲਾਂ ਕਰਦੀ, ਇਹ ਗੰਨੇ ਦੀ ਪੋਰੀ।*
*ਮਾਣੋ-ਬਿੱਲੀ ਸ਼ਾਅ ਕਰਦੀ ਹੈ, ਆਪੇ ਚੋਰੀ ਚੋਰੀ।*
*ਹਰ ਗੱਲ ਹੀ ਮਨਵਾ ਲੈਂਦੀ ਹੈ, ਮਹਿਕ ਇਹ ਮੱਲੋ ਜੋਰੀ।*

ਵੱਡ ਆਕਾਰੀ ਸੰਗ੍ਰਹਿ "ਚੇਤਨਾ ਦੀ ਮਸ਼ਾਲ" ਵਿੱਚ ਸ਼ਾਇਰਾਨਾ ਜਜ਼ਬਾਤ ਤੇ ਗੱਲ ਕਹਿਣ ਦੇ ਸ਼ਾਇਰਾਨਾ-ਅੰਦਾਜ਼ ਦੀਆਂ ਮਿਸਾਲਾਂ ਕਾਫੀ ਹਨ, ਜਿਵੇਂ ਐ ਮਨਾ! ਮਨ ਦਾ ਜੰਗਲ, ਜੀਵਨ-ਦਰਿਆ, ਮੇਰੀ ਕਵਿਤਾ, ਕਵਿਤਾ, ਮਾਂ, ਹੀਰਿਆ ਹਿਰਨਾ, ਸ਼ਾਮ ਕਿਨਾਰੇ, ਲੋਰੀ, ਨਿੱਕੇ ਨਿੱਕੇ ਬਾਲ ਪਿਆਰੇ, ਨਰਸਾਂ, ਕਾਲ, ਨਾਨਕ ਜੀ ਮੈਂ ਕਿੰਝ ਤੁਸਾਂ ਤੱਕ ਆਵਾਂ ਅਤੇ ਭੇਡ ਜੀ।

ਕੁਲਵੰਤ ਜਗਰਾਉਂ ਨੂੰ ਚੰਗੀ ਮੰਦੀ ਸ਼ਾਇਰੀ ਦਾ ਨਿਖੇੜਾ ਆਪ ਕਰ ਲੈਣ ਦੀ ਲੋੜ ਵਲ ਧਿਆਨ ਦੇਣਾ ਚਾਹੀਦਾ ਹੈ।

## ਬਸਤੀ ਬਸਤੀ ਜੰਗਲ

ਇਹ ਸੁਲੱਖਣ ਸਰਹੱਦੀ ਦਾ ਗ਼ਜ਼ਲ ਸੰਗ੍ਰਹਿ ਹੈ। ਤੀਜੀ ਅੱਖ ਦਾ ਜਾਦੂ (੧੯੮੫) ਅਤੇ "ਪੰਜ ਬਲਦੇ ਦਰਿਆ" (੧੯੯੧) ਉਸਦੇ ਪਹਿਲਾਂ ਛਪ ਚੁੱਕੇ ਗ਼ਜ਼ਲ ਸੰਗ੍ਰਹਿ ਹਨ। ਸੁਲੱਖਣ ਸਰਹੱਦੀ ਪ੍ਰੌੜ ਗ਼ਜ਼ਲ-ਗੋ ਹੈ। ਗ਼ਜ਼ਲ ਦੀ ਵਿਧਾ ਵਿੱਚ ਬਹੁਤ ਵਾਰ ਤੁਕਬੰਦੀ ਹੀ ਕੀਤੀ ਜਾਂਦੀ ਹੈ। ਇਹ ਕਮਜ਼ੋਰੀ ਸੁਲੱਖਣ ਦੀ ਗ਼ਜ਼ਲ ਵਿੱਚ ਵੀ ਪੈਦਾ ਹੁੰਦੀ ਹੈ। ਤਾਂ ਵੀ ਇਕ ਚੰਗੇ ਗ਼ਜ਼ਲ-ਗੋ ਵਾਂਗ ਜਜ਼ਬੇ ਦੀ ਗਹਿਰਾਈ, ਖਿਆਲ ਦੀ ਬਾਰੀਕੀ ਅਤੇ ਸ਼ੈਲੀ ਦੀ ਸੁੰਦਰਤਾ ਪੈਦਾ ਕਰਨ ਵਾਲੇ ਸ਼ਿਅਰ ਕਹਿ ਸਕਣਾ ਵੀ ਸੁਲੱਖਣ ਦਾ ਪ੍ਰਸ਼ੰਸਾ ਯੋਗ ਗੁਣ ਹੈ। "ਬਸਤੀ ਬਸਤੀ ਜੰਗਲ" ਪੜ੍ਹਦਿਆਂ ਅਨੇਕ ਸ਼ਿਅਰਾਂ ਉੱਤੇ ਪਾਠਕ ਰੁਕ ਜਾਂਦਾ ਹੈ, ਤੇ ਸੁਲੱਖਣ ਦੇ ਅੰਦਾਜ਼ਿ-ਬਿਆਂ ਦਾ ਆਨੰਦ ਮਾਣਦਾ ਹੈ :

*ਵਿਵਸਥਾ ਸਾਂਡਰਸ ਤੇ ਭਗਤ ਸਿੰਘ ਦੋਹਾਂ ਦੇ ਬੁੱਤ ਘੜਦੀ,*
*ਕਿਸੇ ਸਿਰ ਟੋਪੀ ਪਾ ਦਿੱਤੀ, ਕਿਸੇ ਸਿਰ ਟੋਪ ਪਾ ਛੱਡਿਆ।*

*ਨਹੀਂ ਸੀ ਸ਼ਿਅਰ ਬਣਨਾ ਜੇ ਹੁੰਗਾਰੇ ਦਾ ਸੁਖਨ ਤੇਰਾ,*
*ਮੈਂ ਕਾਹਨੂੰ ਦਿਲ 'ਤੇ ਤੇਰੀ ਪੀੜ ਦਾ ਪਰਬਤ ਟਿਕਾ ਛੱਡਿਆ।*
*ਜਦੋਂ ਦਰਿਆ ਸਾਂ ਕਿੰਨਾ ਸ਼ੂਕਦਾ ਤੇ ਖੌਲਦਾ ਸਾਂ ਮੈਂ,*
*ਸਮੁੰਦਰ ਵਿਚ ਕੀ ਜਾ ਡਿੱਗਾ ਕਿ ਖੁਦ ਨੂੰ ਹੀ ਮਿਟਾ ਛੱਡਿਆ।*
*ਜਿਨ੍ਹਾਂ ਨੂੰ ਜੀਣ ਨਾ ਆਇਆ, ਨਿਗਲ ਚੁੱਕੇ ਉਹ ਸਾਲਮ ਉਮਰ*
*ਅਸਾਂ ਸਰਹੱਦੀ ਇਕ ਇਕ ਲਮਹੇ ਨੂੰ, ਸਦੀਆਂ ਬਣਾ ਛੱਡਿਆ।*
*ਹੁਣ ਜ਼ਰਾ ਇਕ ਕਟਾਖਸ਼ੀ ਸ਼ਿਅਰ ਪੜ੍ਹੋ :-*
*ਘੁੱਗੀਆਂ ਚਿੜੀਆਂ ਕਬੂਤਰ ਗ਼ਜ਼ਲਾਂ ਵਿੱਚ ਜਦ ਮੈਂ ਭਰੇ,*
*ਇਕ ਆਲੋਚਕ ਆਪਣਾ ਉੱਲੂ ਵਿਖਾ ਕੇ ਤੁਰ ਗਿਆ।*



Namdhari Elibrary NamdhariElibrary@gmail.com




Namdhari Elibrary NamdhariElibrary@gmail.com

# ਖ਼ਬਰਨਾਮਾ

## ਅਮਰ ਭਾਰਤੀ ਸ਼ਰਧਾਂਜਲੀ ਸਮਾਰੋਹ

ਨਵੀਂ ਦਿੱਲੀ,੨੪ ਅਪਰੈਲ–ਅੱਜ ਏਥੇ ਨਾਮਧਾਰੀ ਧਰਮਸਾਲਾ, ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਪ੍ਰਸਿਧ ਵਿਦਵਾਨ, ਲੇਖਕ ਤੇ ਸਾਧਕ ਡਾ. ਅਮਰ ਭਾਰਤੀ ਜੀ ਦੀ ਯਾਦ ਵਿੱਚ ਸਮਾਰੋਹ ਕੀਤਾ। ਇਸ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਯਾਦਗਾਰੀ ਫੰਡ ਲਈ ਪੰਜਾਹ ਹਾਜ਼ਰ ਰੁਪਏ ਦੇਣ ਦੀ ਕਿਰਪਾ ਕੀਤੀ।

ਸਾਧ ਸੰਗਤ ਨੇ ਮਿਲ ਕੇ ਬੈਠ ਕੇ ਸਿਮਰਨ ਕੀਤਾ, ਰਾਗੀ ਸਿੰਘ ਤੇ ਜਥੇਦਾਰਾਂ ਨੇ ਦਿਵਾਨ ਲਾਏ ਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਰਧਾਂਜਲੀਆਂ ਦਿੱਤੀਆਂ।

ਜਥੇਦਾਰ ਮਨਜੀਤ ਸਿੰਘ, ਮਹੰਤ ਸੰਤੋਖ ਸਿੰਘ ਅਤੇ ਜਥੇਦਾਰ ਗੁਰਦੀਪ ਸਿੰਘ ਨੇ ਹੱਲੇ ਦੇ ਦੀਵਾਨ ਰਾਹੀਂ ਭਾਰਤੀ ਜੀ ਦੇ ਜੀਵਨ ਤੇ ਚਾਨਣਾ ਪਾਇਆ।

ਭਾਰਤੀ ਜੀ ਨਾਲ ਲੰਮੇ ਸਮੇਂ ਤੋਂ ਪਰਵਾਰਕ ਸਾਂਝ ਰਖਣ ਵਾਲੇ ਰਾਗੀ ਬਲਜੀਤ ਸਿੰਘ, ਗੁਰਮੀਤ ਸਿੰਘ ਤੇ ਸਾਥੀਆਂ ਨੇ ਉਹਨਾਂ ਨੂੰ ਬ੍ਰਹਮ ਗਿਆਨੀ ਦੇ ਰੂਪ ਵਿੱਚ ਪੇਸ਼ ਕਰਦਿਆਂ "ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ" ਵਾਲੀ ਸੁਖਮਣੀ ਦੀ ਅਸ਼ਟਪਦੀ ਦਾ ਗਾਇਨ ਕੀਤਾ। ਉਹਨਾਂ 'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ' ਗਾਇਨ ਕਰਕੇ ਆਪਣਾ ਸਤਿਕਾਰ ਪੇਸ਼ ਕੀਤਾ। ਸੰਤ ਗੁਰਮੁਖ ਸਿੰਘ ਰਤਨ ਉਹਨਾਂ ਨੂੰ ਸਮੇਂ ਸਮੇਂ ਪੇਸ਼ ਕਰਦੇ ਰਹੇ।

ਸ਼ਰਧਾਂਜਲੀ ਸਮਾਰੋਹ ਦਾ ਅਰੰਭ ਪਟਿਆਲਾ ਤੋਂ ਆਏ ਭਾਸ਼ਾ ਵਿਭਾਗ ਪੰਜਾਬ ਦੇ ਸਹਾਇਕ ਡਾਇਰੈਕਟਰ ਡਾਕਟਰ ਦਵਿੰਦਰ ਸਿੰਘ ਉਸਾਹਨ ਨਾਲ ਹੋਇਆ। ਉਹਨਾਂ ਭਾਰਤੀ ਜੀ ਨੂੰ ਮਹਾਨ ਸਾਹਿਤਕਾਰ, ਪੰਜਾਬੀ ਤੇ ਬੰਗਲਾ ਦੇ ਮਹਾਨ ਵਿਦਵਾਨ ਪ੍ਰਮਾਣਿਕ ਲੇਖ ਲਿਖਣ ਵਾਲੇ ਦਸਿਆ ਜਿਨ੍ਹਾਂ ਨਾਮਧਾਰੀ ਸਿੱਖਾਂ ਤੇ ਸਤਿਗੁਰੂ ਬਾਰੇ ਬਹੁਤ ਵਧੀਆ ਰਚਨਾਵਾਂ ਦਿੱਤੀਆਂ। ਨਾਮਧਾਰੀ ਪੰਜਾਬੀ ਸਾਹਿਬ ਸਭਾ ਸ੍ਰੀ ਜੀਵਨ ਨਗਰ ਦੇ ਸਰਪ੍ਰਸਤ ਮਾ. ਅਮਰੀਕ ਸਿੰਘ ਜੀ ਨੇ ਕਿਹਾ ਕਿ ਉਹ ਆਪਣੀਆਂ ਡੇਢ ਦਰਦਨ ਮੌਲਿਕ ਤੇ ਅਨੁਵਾਦਿਤ ਕਿਤਾਬਾਂ ਕਰਕੇ ਜਿਉਂਦੇ ਰਹਿਣਗੇ। ਸ੍ਰੀ ਸਤਿਗੁਰੂ ਜੀ ਨੇ ਹੋਲੇ ਮਹਲੇ ਸਮੇਂ ਸਾਹਿਤ ਮਾਰਤੰਡ ਦਾ ਮਾਣ ਬਖ਼ਸ਼ ਕੇ ਭਾਰਤੀ ਜੀ ਤੇ ਕਿਰਪਾ ਕੀਤੀ। ਭਾਰਤੀ ਜੀ ਨੇ ਕੰਪੋਜ਼ਿੰਗ ਤੋਂ ਸੰਪਾਦਨ ਤਕ ਹੱਥੀਂ ਕੰਮ ਕੀਤਾ। ਉਹ ਸਥਾਪਿਤ ਲੇਖਕ ਸਨ। ਮਾਸਟਰ ਜੀ ਆਪਣੇ ਤੇ ਘਟਾ ਕੇ ਭਾਰਤੀ ਜੀ ਬਾਰੇ ਇਕ ਸ਼ੇਅਰ ਪੜ੍ਹਿਆ :

ਮਹਿਫਲਾਂ ਤਾਂ ਸਜਦੀਆਂ ਹੀ ਰਹਿਣਗੀਆਂ,
ਇਕ ਅਮਰੀਕ ਤੂੰ ਹੋਣਾ ਨਹੀਂ।

ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਰੀਡਰ ਤੇ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦੇ ਸੀਨੀਅਰ ਮੀਤ ਪ੍ਰਧਾਨ ਡਾ. ਮਨਜੀਤ ਸਿੰਘ ਨੇ ਗੁਰਬਾਣੀ ਦੇ ਆਧਾਰ ਉਤੇ ਕਿਹਾ ਕਿ ਮਨੁੱਖੀ ਜੀਵਨ ਥੋੜੇ ਸਮੇਂ ਵਾਸਤੇ ਹੈ। ਮਨੁੱਖ ਦੋ ਕਿਸਮ ਦੇ ਹਨ ਇਕ ਮੌਤ ਤੋਂ ਡਰਨ ਵਾਲੇ ਦੂਜੇ ਮਰ ਕੇ ਪਰਮ ਅਨੰਦ ਪ੍ਰਾਪਤ ਕਰਨ ਵਾਲੇ। ਭਾਰਤੀ ਜੀ ਦੂਜੀ ਕਿਸਮ ਦੇ ਸਨ। ਕਾਰਨ ਹੈ ਉਹਨਾਂ ਦੇ ਰੂਹਾਨੀ ਤਜਰਬੇ ਤੇ ਸਾਧਨਾ। ਉਹ ਅਧਿਆਤਮਿਕ ਚਿੰਤਕ ਸਨ। ਸਮਝਦੇ ਸਨ ਕਿ ਮਨੁੱਖ ਪੰਜ ਤੱਤ ਦਾ ਪੁਤਲਾ ਹੈ।

ਥਾਈਲੈਂਡ ਤੋਂ ਆਏ ਨਾਮਧਾਰੀ ਸੰਗਤ ਦੇ ਸਕੱਤਰ ਸੰਤ ਸੇਵਾ ਸਿੰਘ ਸਚਦੇਵ ਨੇ ਭਾਰਤੀ ਜੀ ਨਾਲ ੬੦ ਸਾਲ ਤੋਂ ਚਲੀ ਆ ਰਹੀ ਸਾਂਝ ਬਾਰੇ ਦਸਿਆ ਕਿ ਉਹ ਜਦੋਂ ਵੀ ਭਾਰਤ ਆਉਂਦੇ ਭਾਰਤੀ ਜੀ ਨੂੰ ਮਿਲਦੇ ਸਨ ਜੇ ਕਦੀ ਸਮਾਂ ਘੱਟ ਹੁੰਦਾ ਤਾਂ ਟੈਲੀਫੋਨ ਕਰ ਲੈਂਦੇ। ਮਿਲਣ ਸਮੇਂ ਸਚਦੇਵ ਜੀ ਕਹਿੰਦੇ ਮੇਰੀ ਤਾਂ ਭਾਰਤ ਯਾਤਰਾ ਭਾਰਤੀ ਜੀ ਨਾਲ ਹੀ ਸ਼ੁਰੂ ਹੁੰਦੀ ਹੈ। ਭਾਰਤੀ ਜੀ ਦੀ ਗਲਵਕੜੀ ਦਾ ਨਿੱਘ ਮਾਣਨ ਦੀ ਉਹਨਾਂ ਨੂੰ ਖ਼ੁਸ਼ੀ ਮਿਲਦੀ। ਉਹਨਾਂ ਨੇ ਭਾਰਤੀ ਜੀ ਬਾਰੇ ਕਾਵਿ ਸ਼ਰਧਾਂਜਲੀ ਪੇਸ਼ ਕੀਤੀ।

ਕਾਮਰੇਡ ਸੁਵਰਨ ਸਿੰਘ ਵਿਰਕ ਨੇ ਕਿਹਾ ਭਾਰਤੀ ਜੀ ਗਿਆਨ ਦੇ ਪੁੰਜ ਸਨ। ਉਹਨਾਂ ਨਵੇਂ ਨਵੇਂ ਅਨੁਭਵ ਕੀਤੇ। ਉਹ ਨਾਮਧਾਰੀ ਪੰਥ ਦੀ ਪ੍ਰਫੁਲਤਾ ਲਈ ਯਤਨਸ਼ੀਲ ਰਹੇ। ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਬਾਗ ਦਾ ਖ਼ੁਸ਼ਬੂਦਾਰ ਟਹਿਕਦਾ ਫੁਲ ਸਨ। ਉਹ ਸਿੱਖ ਬਹੁ ਗਿਣਤੀ ਵਾਲੇ ਦੀ ਥਾਂ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਵਾਲੇ ਸੂਬੇ ਦੇ ਹਮਾਇਤੀ ਸਨ। ਏਸੇ ਬਾਰੇ ਉਹਨਾਂ ਕਈ ਸੰਪਾਦਕੀ ਨਵਾਂ ਹਿੰਦੁਸਤਾਨ ਵਿੱਚ ਲਿਖੇ। ਉਹ ਕਮਿਊਨਿਸਟ ਰਹੇ ਸਨ ਅਤੇ ਇਸ ਵਿਚਾਰਧਾਰਾ ਨੂੰ ਭਾਰਤੀ ਪਰੰਪਰਾ ਨਾਲ ਜੋੜ ਕੇ ਜਨ ਕਲਿਆਣ ਲਈ ਵਰਤਣ ਦੇ ਹਾਮੀ ਸਨ। ਉਹ ਜੋ ਲਿਖ ਗਏ ਹਨ ਬਹੁਤ ਕੀਮਤੀ ਹੈ, ਵੱਡਮੁੱਲਾ ਹੈ।

ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਤੇ ਵਰਿਆਮ ਮਾਸਿਕ ਦੇ ਸੰਪਾਦਕ ਸੰਤ ਜਗਦੀਸ਼ ਸਿੰਘ ਨੇ ਉਹਨਾਂ ਦੇ ਜਾਣ ਦਾ ਵਿਯੋਗ ਮਹਿਸੂਸ ਕੀਤਾ (ਇਹਨਾਂ ਸਤਰਾਂ ਦੇ ਛਪਣ ਤਕ ਉਹਨਾਂ ਭਾਰਤੀ ਜੀ ਬਾਰੇ ਵਿਸ਼ੇਸ਼ ਅੰਕ ਕਢਿਆ) ਭਾਰਤੀ ਜੀ ਆਪਣੀਆਂ ਲਿਖਤਾਂ ਰਾਹੀਂ ਵਿਸ਼ੇਸ਼ ਛਾਪ ਛੱਡ



Namdhari Elibrary NamdhariElibrary@gmail.com

ਗਏ। ਉਹ ਗਿਆਨ ਵਿਗਿਆਨ ਸਾਹਿਤ, ਕਲਾ, ਸੰਗੀਤ ਵਿੱਚ ਨਿਪੁੰਨ ਸਨ। ਵਰਿਆਮ ਜੀ ਨੇ ਉਹਨਾਂ ਦੇ ਦਿੱਲੀ ਆਉਣ ਸਮੇਂ ਭਾਰਤੀ ਜੀ ਦੁਆਰਾ ਦਿੱਤੇ ਜਾਂਦੇ ਰਹੇ ਪਿਆਰ ਅਤੇ ਵਰਿਆਮ ਵਿੱਚ ਉਹਨਾਂ ਦੀ ਛਪਦੀਆਂ ਲਿਖਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਭਾਵੇਂ ਪੰਜਾਬ ਦਾ ਇਕ ਤਬਕਾ ਗ੍ਰੰਥ (ਪੁਸਤਕ) ਨੂੰ ਗੁਰੂ ਮੰਨਦਾ ਹੈ ਪਰ ਪੰਜਾਬੀਆਂ ਵਿੱਚ ਪੜ੍ਹਨ ਦੀ ਰੁਚੀ ਘੱਟ ਹੈ। ਭਾਰਤੀ ਜੀ ਪੜ੍ਹਦੇ ਸਨ ਤੇ ਲਿਖਤੀ ਜਾਂ ਟੈਲੀਫੋਨ ਰਾਹੀਂ ਹੁੰਗਾਰਾ ਦੇਂਦੇ ਸਨ। ਉਹਨਾਂ ਤੋਂ ਬਿਨਾਂ ਬੰਗਲਾ ਤੋਂ ਸਿਧਾ ਪੰਜਾਬੀ ਅਨੁਵਾਦ ਕਰਨ ਵਾਲਾ ਇੱਕ ਅੱਧਾ ਹੀ ਲੇਖਕ ਹੋਵੇਗਾ।

ਕਾਮਰੇਡ ਜਸਵੰਤ ਸਿੰਘ ਜੋਸ਼ ਨੇ ਕਿਹਾ, ਭਾਰਤੀ ਜੀ ਮਹਾਨ ਸ਼ਖਸੀਅਤ ਸਨ ਉਹਨਾਂ ਦੇ ਪ੍ਰੇਰਨਾ ਸ੍ਰੋਤ ਸਨ। ਉਹਨਾਂ ਨੇ, ਉਹਨਾਂ ਨੂੰ ਪੜ੍ਹਨ ਲਈ ਪ੍ਰੇਰਿਆ। ਉਹ ਡਾਕਟਰ ਸਨ ਨਾ ਭੁਲਣ ਵਾਲਾ ਪਿਆਰ ਵੰਡਦੇ ਰਹੇ।

ਸਫਦਰਜੰਗ ਹਸਪਤਾਲ ਦੇ ਡਾ. ਮਨਜੀਤ ਸਿੰਘ ਨੇ ਦਸਿਆ ਕਿ ਉਹਨਾਂ ਦੀ ਭਾਰਤੀ ਜੀ ਨਾਲ ਸਾਂਝ ਉਹਨਾਂ ਦੇ ਤਾਇਆ ਸ. ਪਿਆਰਾ ਸਿੰਘ ਦਾਤਾ ਰਾਹੀਂ ਡਾਕਟਰੀ ਦੀ ਪੜ੍ਹਾਈ ਕਰਨ ਸਮੇਂ ੨੫ ਸਾਲ ਪਹਿਲਾਂ ਬਣੀ। ਇਹ ਸਾਂਝ ਪੱਕੀ ਹੁੰਦੀ ਗਈ ਤੇ ਦੋਸਤੀ ਬਣ ਗਈ। ਉਹ ਕਿਨੇ ਟ੍ਰੈਕਿੰਗ ਤੇ ਪਹਾੜੀ ਥਾਵਾਂ ਉੱਤੇ ਗਏ। ਉਹਨਾਂ ਨੂੰ ਪਹਾੜੀ ਯਾਤਰਾ ਦਾ ਸ਼ੌਕ ਸੀ। ਉਹ ਸਾਧਕ ਸਨ ਤੇ ਜ਼ਿੰਦਗੀ ਤੋਂ ਸੰਤੁਸ਼ਟ ਸਨ। ਦਸਮ ਗ੍ਰੰਥ ਤੇ ਕੁੰਡਲੀ ਤੱਤ ਖੋਜ ਭਰਪੂਰ ਬਾਰੇ ਹੀ ਲਿਖ ਕੇ ਸਮਝਦੇ ਸਨ ਕਿ ਉਹਨਾਂ ਦਾ ਕਾਰਜ ਪੂਰਾ ਹੋ ਗਿਆ ਹੈ। ਆਖਰੀ ਦਿਨ ਸੇਵਕ ਮੰਗਲ ਚੰਦ, ਭਤੀਜੇ ਸਰਬਸ਼ਕਤੀ ਮਾਨ ਸਿੰਘ, ਭਾਣਜੇ ਸੁਰਿੰਦਰ ਸਿੰਘ, ਬਲਜਿੰਦਰ ਸਿੰਘ, ਤਾਰਾ ਸਿੰਘ ਅਨਜਾਣ ਦੇ ਬੈਠਿਆਂ ਮੈਥੋਂ ਵਸੀਅਤ ਲਿਖਾ ਕੇ ਕਹਿਣ ਲਗੇ ਮੈਂ ਹੁਣ ਮੁਕਤ ਹੋ ਗਿਆ ਹਾਂ ਤੇ ਚਲਾ ਗਏ ਸਹਿਜੇ ਹੀ।

ਥਾਈਲੈਂਡ ਤੋਂ ਆਏ ਸੇਠ ਜਗਤਾਰ ਸਿੰਘ ਸਚਦੇਵ ਨੇ ਕਿਹਾ ਭਾਰਤੀ ਜੀ ਨਾਮਧਾਰੀ ਪੰਥ ਦੇ ਬੜੇ ਵੱਡੇ ਵਿਦਵਾਨ ਸਨ। ਉਹ ਪੰਥ ਦੀ ਵਿਰਾਸਤ ਸਨ ਦੇਸ਼ ਦੀ ਅਮਾਨਤ ਸਨ। ਜਦੋਂ ਵੀ ਭਾਰਤ ਆਉਂਦੇ ਭਾਰਤੀ ਜੀ ਨੂੰ ਮਿਲਦੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ। ਬੀਬੀ ਰਸ਼ਮੀ ਨੇ ਆਪਣੀ ਸ਼ਰਧਾਂਜਲੀ ਇਕ ਹਿੰਦੀ ਕਵਿਤਾ ਰਾਹੀਂ ਪੇਸ਼ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਸ. ਜਸਵਿੰਦਰ ਸਿੰਘ ਨੇ ਕਿਹਾ ਕਿ ਉਹ ਭਾਰਤੀ ਜੀ ਨਾਲ ਸਾਹਿਤ ਨਾਮਧਾਰੀ ਦਰਸ਼ਨ ਬਾਰੇ ਚਰਚਾ ਕਰਦੇ ਰਹਿੰਦੇ ਸਨ। ਭਾਰਤੀ ਜੀ ਸਦਾ ਸਹੀ ਸਲਾਹ ਦੇਂਦੇ ਸਨ। ਉਹਨਾਂ ਨੂੰ ਪਟਿਆਲੇ ਭਾਸ਼ਾ ਵਿਭਾਗ ਵਾਲੇ ਕਰਵਾਏ ਸੈਮੀਨਾਰ ਵਿੱਚ ਸੱਦਿਆ ਗਿਆ ਪਰ ਉਹਨਾਂ ਅਸਮਰਥਤਾ ਪ੍ਰਗਟ ਕੀਤੀ। ਉਹ ਬਹੁਤ ਵਧੀਆਂ ਵਿਅਕਤੀ ਸਨ।

ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਉਚੇਚੇ ਤੌਰ ਤੇ ਆਏ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਨੇ ਕਿਹਾ ਕਿ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਪਿਆਰੇ ਸਿੱਖਾਂ ਵਿਚੋਂ ਸਨ। ਉਹ ਐਸੇ ਵਿਦਵਾਨਾਂ ਵਿਚੋਂ ਸਨ ਜਿਨ੍ਹਾਂ ਨੇ ਆਪਣਾ ਜੀਵਨ ਪੜ੍ਹਨ ਲਿਖਣ ਦੇ ਲੇਖੇ ਲਾਇਆ ਤੇ ਜੱਸ ਖੱਟਿਆ।

ਨਾਮਧਾਰੀ ਦਰਬਾਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਹਰਵਿੰਦਰ ਸਿੰਘ ਹੰਸਪਾਲ ਨੇ ਕਿਹਾ ਭਾਰਤੀ ਜੀ ਉਹਨਾਂ ਦੇ ਬਹੁਤ ਵਧੀਆ ਵਿਦਵਾਨ, ਸੂਝਵਾਨ ਮਿੱਤਰ ਸਨ। ਉਹ ਸਾਹਿਤ ਤੇ ਇਤਿਹਾਸ ਦੇ ਵਿਦਿਆਰਥੀ ਰਹੇ ਹਨ। ਇਤਿਹਾਸ ਪਰਤੀ ਮੇਰੀ ਸਾਂਝ ਭਾਰਤੀ ਜੀ ਦੀ ਪੁਸਤਕ ਸਿਖ ਇਤਿਹਾਸ ਤੇ ਕੂਕੇ ਤੁਲਨਾਤਮਕ ਅਧਿਐਨ ਨੇ ਜਗਾਈ ਤੇ ਮੇਰੀ ਸਮਝ ਬਣੀ ਕਿ ਸਿੱਖ ਇਤਿਹਾਸ ਦੁਬਾਰਾ ਲਿਖਿਆ ਜਾਣਾ ਜ਼ਰੂਰੀ ਹੈ।

ਉਹਨਾਂ ਦਾ ਸਨਮਾਨ ਕਰਨ ਨੂੰ ਜੀਅ ਕਰਦਾ ਸੀ। ਸ੍ਰੀ ਸਤਿਗੁਰੂ ਜੀ ਦਾ ਹੁਕਮ ਹੋਇਆ ਹੋਲੇ ਤੇ ਕਰਾਂਗੇ ਮੇਰੇ ਨਾਲ ਬਚਨ ਕੀਤਾ, ਹੋਲੇ ਤੱਕ ਨਹੀਂ ਜਾਣ ਦੇਂਦੇ ਤੇ ਹੋਲੇ ਤੇ ਸਾਹਿਤ ਮਾਰਤੰਡ ਦੀ ਕਿਰਪਾ ਹੋਈ। ਸ੍ਰੀ ਸਤਿਗੁਰੂ ਜੀ ਦੀ ਰਜ਼ਾ ਹੈ ਭਾਰਤੀ ਜੀ ਬਾਰੇ ਸੈਮੀਨਾਰ ਹੋਣ, ਗ੍ਰੰਥ ਲਿਖੇ ਜਾਣ ਆਪਨੇ ਉਹਨਾਂ ਪ੍ਰੋਗਰਾਮਾ ਲਈ ਪੰਜਾਹ ਹਜ਼ਾਰ ਰੁਪਈਏ ਦੀ ਕਿਰਪਾ ਕੀਤੀ ਹੈ। ਹੰਸਪਾਲ ਜੀ ਨੇ ਹੋਰ ਕਿਹਾ ਕਿ ਅਸੀਂ ਸਾਰੇ ਉਸ ਫੰਡ ਵਿੱਚ ਹਿੱਸਾ ਪਾਈਏ ਭਾਵੇਂ ਪੰਜ-ਪੰਜ ਰੁਪਈਏ ਹੀ।

ਉਹਨਾਂ ਆਖਰੀ ਦਿਨ ਭਾਰਤੀ ਜੀ ਨਾਲ ਦੁਪਹਿਰੇ ਫੋਨ ਤੇ ਹੋਈ ਗੱਲ ਦਾ ਜ਼ਿਕਰ ਕੀਤਾ ਤੇ ਤਕਲੀਫ ਬਾਰੇ ਦੱਸਿਆ ਕਿਹਾ ਹੁਣ ਰਹਿਣ ਹੀ ਦੇਈਏ। ਉਹ ਸੰਤੁਸ਼ਟ ਹੋ ਕੇ ਗਏ।

ਸਟੇਜ ਸਕਤੱਰ ਦੀ ਜ਼ਿੰਮੇਵਾਰੀ ਨਿਭਾ ਰਹੇ ਸ. ਤਾਰਾ ਸਿੰਘ ਅਨਜਾਣ ਨੇ ਦੱਸਿਆ ਕਿ ਟੈਲੀਫੋਨ ਤੇ ਭਾਰਤੀ ਜੀ ਦੇ ਜਾਣ ਬਾਰੇ ਕੁਝ ਸੁਨੇਹੇ ਪੁਜੇ ਹਨ, ਪ੍ਰੋ. ਪ੍ਰੀਤਮ ਸਿੰਘ ਨੇ ਕਿਹਾ ਹੈ ਉਹ ਪੰਜਾਬ ਤੇ ਬੰਗਾਲ ਵਿੱਚ ਪੁਲ ਸਨ, ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਕਿਹਾ ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ। ਯੂ.ਕੇ ਤੋਂ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਸੁਲਖਣ ਸਿੰਘ ਜੰਡੂ ਨੇ ਉਹਨਾਂ ਦੇ ਜਾਣ ਤੇ ਬੜਾ ਦੁਖ ਮਹਿਸੂਸ ਕੀਤਾ। ਸੰਤ ਖੜਗ ਸਿੰਘ ਭਮਰਾ ਆਪਣੀ ਸੰਵੇਦਨਾ ਪ੍ਰਗਟ ਕੀਤੀ। ਭਾਪਾ ਪ੍ਰੀਤਮ ਸਿੰਘ ਨੂੰ ਉਹਨਾਂ ਦੇ ਜਾਣ ਦੀ ਘਾਟ ਮਹਿਸੂਸ ਹੋਈ।

ਇਸ ਸਮੇਂ ਸਤਿਜੁਗ ਸਪਤਾਹਿਕ ਤੇ ਵਰਤਮਾਨ ਹਿੰਦੁਸਤਾਨ ਵਲੋਂ ਭਾਰਤੀ ਜੀ ਦੀ ਯਾਦ ਵਿੱਚ ਕੱਢੇ ਵਿਸ਼ੇਸ਼ ਅੰਕ ਵੰਡੇ ਗਏ।


Namdhari Elibrary NamdhariElibrary@gmail.com

ਪਾਠ ਦੇ ਭੋਗ ਤੇ ਅਰਦਾਸ ਨਾਲ ਸਮਾਗਮ ਦੀ ਸਮਾਪਤੀ ਹੋਈ।

ਭਾਰਤੀ ਯਾਦ ਸਮਾਰੋਹ ਵਿੱਚ ਹਿਸਾ ਲੈਣ ਲਈ ਪੰਜਾਬ ਹਰਿਆਣਾ, ਉੱਤਰ ਪ੍ਰਦੇਸ਼, ਮਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਥਾਈਲੈਂਡ ਤੋਂ ਬਹੁਤ ਸਾਰੇ ਸਜਣ ਮਿੱਤਰ ਤੇ ਰਿਸ਼ਤੇਦਾਰ ਪੁੱਜੇ। ਸੰਤ ਗੁਰਮੁਖ ਸਿੰਘ ਰਤਨ ਨੇ ਸਭ ਦਾ ਧੰਨਵਾਦ ਕੀਤਾ। ਨਾਮਧਾਰੀ ਸੰਗਤ ਦਿੱਲੀ ਦੇ ਪ੍ਰਧਾਨ ਸੰਤ ਸਾਧਾ ਸਿੰਘ ਜੀ ਦੀ ਅਗਵਾਈ ਵਿਚ ਲੰਗਰ ਦਾ ਸ਼ਾਨਦਾਰ ਪ੍ਰਬੰਧ ਸੀ।

*ਤ.ਸ.ਅ.*

## ਸ਼ਹੀਦ ਯਾਦਗਾਰੀ ਗੇਟਾਂ ਦਾ ਨੀਂਹ-ਪੱਥਰ ਤੇ ਉਦਘਾਟਨ

*—ਸੂਬਾ ਸੁਰਿੰਦਰ ਕੌਰ ਖਰਲ*

੪ ਮਾਰਚ ਸੰਨ ੨੦੦੪ ਦਿਨ ਵੀਰਵਾਰ ਨੂੰ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਪ੍ਰਧਾਨ ਪੰਜਾਬ ਕਾਂਗਰਸ ਕਮੇਟੀ, ਪਿੰਡ ਸਕਰੌਦੀ, ਦਿਆਲ ਗੜ੍ਹ (ਜ਼ਿਲਾ ਸੰਗਰੂਰ) ਤੇ ਪਿੰਡ ਜੋਗਾ (ਜ਼ਿਲ੍ਹਾ ਮਾਨਸਾ) ਵਿਖੇ ਸ਼ਹੀਦ ਯਾਦਗਾਰੀ ਸਮਾਗਮਾਂ ਤੇ ਗਏ। ਪਿੰਡ ਦਿਆਲਗੜ੍ਹ ਵਿਖੇ ਹੰਸਪਾਲ ਜੀ ਨੇ ਸ਼ਹੀਦ ਯਾਦਗਾਰੀ ਗੇਟ ਦਾ ਉਦਘਾਟਨ ਕੀਤਾ, ਪਿੰਡ ਸਕਰੌਦੀ ਵਿਖੇ ਸ਼ਹੀਦ ਯਾਦਗਾਰੀ ਗੇਟ ਦਾ ਨੀਂਹ ਪੱਥਰ ਰੱਖਿਆ ਅਤੇ ਪਿੰਡ ਜੋਗਾ ਵਿਖੇ ਸ਼ਹੀਦ-ਯਾਦਗਰੀ ਸਮਾਗਮ ਵਿਚ ਹਾਜ਼ਰੀ ਲਵਾਈ।

ਸਵੇਰੇ, ਸਭ ਤੋਂ ਪਹਿਲੋਂ ਹੰਸਪਾਲ ਜੀ, ਪਿੰਡ ਦਿਆਲਗੜ੍ਹ, ਤਹਿਸੀਲ ਭਵਾਨੀਗੜ੍ਹ, ਜ਼ਿਲਾ ਸੰਗਰੂਰ ਵਿਖੇ ਚਲ ਰਹੇ ਸੰਮਗਮ 'ਤੇ ਪਹੁੰਚੇ। ਪਿੰਡ ਦਿਆਲਗੜ੍ਹ, ਭਵਾਨੀਗੜ੍ਹ ਤੋਂ ਨਾਭਾ ਕਾਕੜੀ ਰਾਹੀਂ ਜਾਂਦਿਆ ੫-੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਦੇ ਤਿੰਨ ਸਹੀਦ ਹੋਏ ਹਨ। ਸ਼ਹੀਦ ਨਿੱਕਾ ਉਰਫ ਅਤਰ ਸਿੰਘ ਯਾਦਵ ਅਤੇ ਸ਼ਹੀਦ ਭੂਪ ਸਿੰਘ ਚੌਹਾਨ ੧੭ ਜਨਵਰੀ ੧੮੭੨ ਨੂੰ ਅਤੇ ਸ਼ਹੀਦ ਵਰਿਆਮ ਸਿੰਘ ਚੌਹਾਨ ੧੮ ਜਨਵਰੀ ੧੮੭੨ ਨੂੰ, ਮਲੇਰਕੋਟਲਾ ਸਾਕੇ ਵਿਚ ਤੋਪਾਂ ਰਾਹੀ ਅੰਗਰੇਜ਼ਾਂ ਦੁਆਰਾ ਸ਼ਹੀਦ ਕੀਤੇ ਗਏ ੬੬ ਸਿੰਘਾਂ ਵਿਚੋਂ ਤਿੰਨ ਸਿੰਘ ਸਨ। ਇਹ ਤਿੰਨ ਸ਼ਹੀਦ, ਹੇੜੀ ਰਾਜਪੂਤ ਅਰਥਤ ਗੁਆਲੇ ਪਰਿਵਾਰ ਦੇ ਸਨ।

ਇਨ੍ਹਾਂ ਤਿੰਨਾਂ ਸ਼ਹੀਦਾਂ ਦੀ ਯਾਦ ਵਿਚ ਸ਼ਹੀਦਾਂ ਦੇ ਪਰਿਵਾਰਾਂ ਤੇ ਪਿੰਡ ਵਲੋਂ ਸ਼ਹੀਦ-ਯਾਦਗਾਰੀ ਗੇਟ ਦਿਆਲਗੜ੍ਹ ਪਿੰਡ ਵਿਖੇ ਬਣਾਇਆਂ ਗਿਆ ਹੈ, ਜਿਸ ਦਾ ਉਦਘਾਟਨ ਹੰਸਪਾਲ ਜੀ ਨੇ ਕੀਤਾ। ਪਿੰਡ ਦਿਆਲ ਗੜ੍ਹ ਨੂੰ ਦਿਆਲਪੁਰਾ ਅਥਵਾ ਦਿਆਲਪੁਰ ਛੰਨਾ ਵੀ ਅਖਿਆ ਜਾਂਦਾ ਹੈ। ਇਥੇ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਪਾਠਾਂ ਦੇ ਭੋਗ ਪਾਏ ਜਾਂਦੇ ਹਨ।

ਪਿੰਡ ਦਿਆਲਗੜ੍ਹ ਵਿਖੇ ਬਹੁਤ ਵਧੀਆ ਸਮਾਗਮ ਹੋਇਆ। ਹੰਸਪਾਲ ਜੀ ਦੇ ਸੁਆਗਤ ਲਈ ਸ਼੍ਰੀ ਸੁਭਾਸ਼ ਗਰੋਵਰ, (ਪ੍ਰਧਾਨ, ਜ਼ਿਲ੍ਹਾ, (ਕਾਂਗਰਸ ਕਮੇਟੀ ਸੰਗਰੂਰ) ਅਤੇ ਇਲਾਕੇ ਦੇ ਹੋਰ ਕਈ ਪ੍ਰਮੁੱਖ ਵਿਅਕਤੀ ਆਏ ਹੋਏ ਸਨ। ਸ਼੍ਰੀ ਸੁਭਾਸ਼ ਗਰੋਵਰ, ਲੇਖਿਕਾ (ਸੂਬਾ ਸੁਰਿੰਦਰ ਕੌਰ ਖਰਲ), ਸੂਬਾ ਬਲਵਿੰਦਰ ਸਿੰਘ, ਹੰਸਪਾਲ ਸੀ ਆਦਿਕ ਕਈ ਜਣੇਂ ਵਾਰੋ-ਵਾਰੀ ਬੋਲੇ। ਸੂਬਾ ਸੁਰਿੰਦਰ ਕੌਰ ਨੇ ਦਸਿਆ ਕਿ " ਉਹ ਸੰਨ ੧੯੯੩ ਤੋਂ ਇਸ ਪਿੰਡ ਵਿਚ ਸ਼ਹੀਦਾ ਦੇ ਪਰਿਵਾਰਾਂ ਕੋਲ ਆ ਰਹੀ ਹੈ। ਸਾਰਿਆਂ ਨੂੰ ਭਜਨ ਦਸਿਆਂ ਹੈ, ਮਾਲਾ ਤੇ ਸ੍ਰੀ ਸਤਿਗੁਰੂ ਦੀ ਦੀਆਂ ਤਸਵੀਰਾਂ ਦਿੱਤੀਆਂ ਹਨ ਤੇ ਭੈਣੀ ਸਾਹਿਬ ਜਾਣ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਹੈ। ਸਮੇਂ-ਸਮੇਂ ਤੇ ਇਨ੍ਹਾਂ ਨੂੰ ਸ਼੍ਰੀ ਭੈਣੀ ਸਾਹਿਬ ਬੁਲਾ ਕੇ, ਸ੍ਰੀ ਸਤਿਗੁਰੂ ਜੀ ਨਾਲ ਮਿਲਵਾਇਆ ਹੈ। ਇਹ ਸਾਰਾ ਕੰਮ, (ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਦਾ) ਬਹੁਤ ਔਖਾ ਕਾਰਜ ਹੈ, ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਹੀ, ਇਹ ਕੰਮ ਹੋ ਸਕਿਆ ਹੈ। ਸ੍ਰੀ ਸਤਿਗੁਰੂ ਜੀ ਜਿਸ ਤੋਂ ਚਾਹੁਣ ਜੋ ਮਰਜ਼ੀ ਕੰਮ ਕਰਵਾ ਸਕਦੇ ਹਨ। ਉਨ੍ਹਾਂ ਨੇ ਮਾਣ ਕਿਸੇ ਨਾ ਕਿਸੇ ਨੂੰ ਦੇਣਾ ਹੁੰਹਾ ਹੈ।"

ਸ੍ਰੀ ਹੰਸਪਾਲ ਜੀ ਨੇ ਸੂਬਾ ਸੁਰਿੰਦਰ ਕੌਰ ਦੀ ਪ੍ਰਸ਼ੰਸਾ ਕਰਦਿਆਂ ਆਖਿਆ ਕਿ ਇਹਨਾਂ ਨੇ ਬਹੁਤ ਵਧੀਆ ਕੰਮ ਕੀਤਾ ਹੈ। ਮਲੇਰਕੋਟਲਾ ਸਾਕੇ ਦਾ ਜ਼ਿਕਰ ਕੀਤਾ ਕਿ ਇਹ ਸ਼ਹੀਦ ਮਿਥ ਕੇ ਆਪ ਸ਼ਹੀਦ ਹੋਣ ਗਏ ਸਨ। ਆਪ ਤੋਪਾਂ ਅਗੇ ਆ ਕੇ ਸ਼ਹੀਦ ਹੋਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਬਹੁਤ ਵੱਡੀ ਕੁਰਬਾਨੀ ਹੈ। ਹੰਸਪਾਲ ਜੀ ਨੇ ਆਖਿਆ ਕਿ ਗੇਟ ਬਹੁਤ ਵਧੀਆ ਬਨਾਉਣਾ ਹੈ, ਚਾਹੇ ਜਿੰਨੇ ਮਰਜ਼ੀ ਪੈਸੇ ਲੱਗਣ। ਆਖਿਆ ਕਿ ਜੋ ਕੁਝ ਵੀ ਚਾਹੀਦਾ ਹੈ, ਮੈਨੂੰ ਦੱਸੋ।

ਸ਼ਹੀਦ ਪਰਿਵਾਰਾਂ ਵੱਲੋਂ ਹੰਸਪਾਲ ਜੀ ਅਤੇ ਨਾਲ ਆਈਆਂ ਪ੍ਰਮੁੱਖ ਸ਼ਖਸੀਅਤਾਂ ਦਾ, ਸ਼ਾਲ ਭੇਟ ਕਰ ਕੇ, ਸਨਮਾਨ ਕੀਤਾ ਗਿਆ।

ਇਸ ਤੋਂ ਮਗਰੋਂ ਕਾਰਾਂ ਦੇ ਕਾਫਲੇ ਨਾਲ ਹੰਸਪਾਲ ਜੀ, ਪਿੰਡ ਸਕਰੌਦੀ ਪਹੁੰਚੇ। ਇਹ ਪਿੰਡ ਦਿਆਲਗੜ੍ਹ ਤੋਂ ੪-੫ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਪਿੰਡ ਸਕਰੌਦੀ ਦੇ ਚਾਰ ਸ਼ਹੀਦ ਹੋਏ ਹਨ। ਸ਼ਹੀਦ ਹੀਰਾ ਸਿੰਘ ਗਰੇਵਾਲ, ਸ਼ਹੀਦ ਲਹਿਣਾ ਸਿੰਘ ਗਰੇਵਾਲ (ਚਾਚੇ-ਤਾਏ ਦੇ ਪੁੱਤਰ ਭਰਾ) ਤੇ ਸ਼ਹੀਦ ਮਿਤ ਸਿੰਘ ਸੰਘਰ (ਮਜ਼੍ਹਬੀ) ੧੭ ਜਨਵਰੀ ਅਤੇ ਸ਼ਹੀਦ



Namdhari Elibrary NamdhariElibrary@gmail.com

ਅਨੂਪ ਸਿੰਘ ਗਰੇਵਾਲ ੧੯ ਜਨਵਰੀ ਤੋਪਾਂ ਨਾਲ ਸ਼ਹੀਦ ਕੀਤੇ ਗਏ ਸਨ।

ਪਿੰਡ ਸਕਰੌਦੀ ਵਿਖੇ ਵੀ ਹੰਸਪਾਲ ਜੀ ਦਾ ਬਹੁਤ ਸ਼ਾਨਦਾਰ ਸੁਆਗਤ ਕੀਤਾ ਗਿਆ। ਲੰਮੀ ਲਾਈਨ ਵਿਚ ਖੜ੍ਹੇ ਸ਼ਹੀਦਾਂ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਵਲੋਂ, ਹੰਸਪਾਲ ਜੀ ਦੇ ਗਲੇ ਵਿਚ ਗੇਂਦੇ ਦੇ ਫੁੱਲਾਂ ਦੀਆਂ ਮਾਲਾਵਾਂ ਪਾਈਆਂ ਗਈਆ। ਹੰਸਪਾਲ ਜੀ ਦੇ ਸੁਆਗਤ ਲਈ ਸੜਕ ਦੇ ਦੋਹੀਂ ਪਾਸੀਂ ਰੰਗ ਬਿਰੰਗੀਆਂ ਝੰਡੀਆਂ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਇਹ ਸਕਰੌਦੀ, ਉਹ ਪਿੰਡ ਹੈ, ਜਿਥੋਂ ਦੇ (ਸ਼ਹੀਦ) ਜਥੇਦਾਰ ਹੀਰਾ ਸਿੰਘ ਗਰੇਵਾਲ ਅਤੇ (ਸ਼ਹੀਦ) ਜਥੇਦਾਰ ਲਹਿਣਾ ਸਿੰਘ ਗਰੇਵਾਲ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲਾ ਲਈ ਰਵਾਨਾ ਹੋਏ ਸ਼ਹੀਦ ਜੱਥੇ ਦੇ, ਮੋਹਰੀ ਤੇ ਮੋਢੀ ਸਿੰਘ ਸਨ।

ਸਕਰੌਦੀ ਵਿਖੇ ਇਕ ਵੱਡੇ ਪੰਡਾਲ ਵਿਚ ਚਲ ਰਹੇ ਸਮਾਗਮ ਵਿਚ ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਗੁਰਦੀਪ ਸਿੰਘ ਤੇ ਸਾਥੀਆਂ ਦਾ ਦੀਵਾਨ ਚਲ ਰਿਹਾ ਸੀ।

ਹੰਸਪਾਲ ਜੀ ਦੇ ਸਟੇਜ 'ਤੇ ਪੁੱਜਣ ਉਪ੍ਰੰਤ ਸਟੇਜ ਸਕੱਤਰ ਮਾਸਟਰ ਨਿਰਭੈ ਸਿੰਘ ਨੇ ਸੁਆਗਤ ਕਰਦਿਆਂ ਮਲੇਰ ਕੋਟਲਾ ਸਾਕੇ ਦਾ ਵਰਣਨ ਕੀਤਾ। ਦੱਸਿਆ ਕਿ ਕਿਵੇਂ ਅੰਗ੍ਰੇਜ਼ਾਂ ਨੇ ਬਿਨਾਂ ਮੁਕੱਦਮਾ ਚਲਾਏ, ਬਿਨਾਂ ਪੁੱਛ ਪੜਤਾਲ ਕੀਤੇ, ਕਿਵੇਂ ਸੱਤ ਸੱਤ ਤੋਪਾਂ ਨਾਲ ਸੱਤ ਸੱਤ ਸਿੰਘ ਵਾਰੋਵਾਰੀ ਤੋਪਾਂ ਨਾਲ ਸ਼ਹੀਦ ਕੀਤੇ। ਆਖਿਆ ਕਿ ਨਾਮਧਾਰੀ ਲਹਿਰ ਦਾ ਇਕ ਸ਼ਾਨਦਾਰ ਇਤਿਹਾਸ ਹੈ, ਇਸ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਚਾਨਣ ਮੁਨਾਰੇ ਦਾ ਕੰਮ ਕੀਤਾ। ਇਸ ਮਗਰੋਂ ਪਿੰਡ ਦੇ ਸ੍ਰ. ਮਾਲਵਿੰਦਰ ਸਿੰਘ ਬੋਲੇ। ਇਨ੍ਹਾਂ ਆਖਿਆ,

"ਕਾਫ਼ੀ ਚਿਰ ਦੀ ਉਡੀਕ ਤੋਂ ਪਿਛੋਂ, ਉਨ੍ਹਾਂ ਸ਼ਹੀਦ ਸਿੰਘਾਂ ਨੂੰ, ਜਿਨ੍ਹਾਂ ਨੂੰ ਅਸੀਂ ਹਮੇਸ਼ਾ ਹੀ ਯਾਦ ਰੱਖਦੇ ਹਾਂ, ਅੱਜ ਅਸੀਂ ਸ੍ਰੀ ਹੰਸਪਾਲ ਜੀ ਦੀ ਹਜ਼ੂਰੀ ਵਿੱਚ ਯਾਦ ਕਰ ਰਹੇ ਹਾਂ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕਿਤੇ ਜ਼ੁਲਮ, ਬੇਇਨਸਾਫੀ, ਧੱਕਾ ਜਾਂ ਵਿਤਕਰਾ ਹੁੰਦਾ ਹੈ ਤਾਂ ਉਸ ਦੇ ਖਿਲਾਫ ਕਿਸੇ ਨਾ ਕਿਸੇ ਰੂਪ ਦੇ ਵਿਚ ਧਰਤੀ ਦੇ ਜਾਏ ਲੋਕ ਉਠਦੇ ਨੇ। ਪੰਜਾਬ ਦਾ ਇਤਿਹਾਸ ਬਹੁਤ ਵੱਡੀਆਂ ਕੁਰਬਾਨੀਆਂ ਨਾਲ ਭਰਿਆ ਹੋਇਐ ਜੇ ਅਸੀਂ ਇਨ੍ਹਾਂ 'ਤੇ ਨਜ਼ਰ ਮਾਰੀਏ ਤਾਂ ਬਹੁਤ ਵੱਡਾ ਇਤਿਹਾਸ ਸਾਡੇ ਸਾਹਮਣੇ ਆ ਜਾਂਦੈ। ਅੱਜ ਅਸੀਂ ਉਸ ਲਹਿਰ, ਜਿਸ ਵਿਚ ਸਾਡੇ ਇਸ ਨਗਰ ਦੇ ਚਾਰ ਸਿੰਘ ਸ਼ਾਮਲ ਸਨ, ਉਸ ਸ਼ਹੀਦੀ ਜੱਥੇ ਦੀ ਅਗਵਾਈ ਕਰਨ ਵਾਲੇ ਸਿੰਘ ਹੀਰਾ ਸਿੰਘ, ਲਹਿਣਾ ਸਿੰਘ ਤੇ ਉਨ੍ਹਾਂ ਦੇ ਸਾਥੀ, ਉਨ੍ਹਾਂ ਦੇ ਸੰਬੰਧ ਵਿਚ ਹੋ ਰਹੇ ਇਸ ਸਮਾਗਮ ਦੇ ਮੌਕੇ 'ਤੇ ਇਕੱਠੇ ਹੋਏ ਹਾਂ। ਕੂਕਾ ਲਹਿਰ ਨੇ ਜੋ ਭਾਰਤ ਦੀ ਅਜ਼ਾਦੀ ਦੀ ਲਹਿਰ ਵਿਚ ਵੱਡਾ ਯੋਗਦਾਨ ਪਾਇਆ, ਇਸ ਨੂੰ ਦਿਸ਼ਾ ਦਿੱਤੀ, ਸੇਧ ਦਿੱਤੀ, ਉਹ ਆਪਣੇ ਆਪ 'ਚ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਪ੍ਰਮੁੱਖ ਦੇਣ ਹੈ।"

"ਪਿਛਲੇ ਕਾਫੀ ਸਮੇਂ ਤੋਂ ਸਾਡੇ ਪਿੰਡ ਦੇ ਲੋਕ ਲਗਾਤਾਰ ਕੋਸ਼ਿਸ਼ ਕਰ ਰਹੇ ਸਨ ਕਿ ਕਿਸੇ ਨਾ ਕਿਸੇ ਰੂਪ ਵਿਚ ਹੰਸਪਾਲ ਜੀ ਨੂੰ ਬੁਲਾਈਏ ਤੇ ਉਨ੍ਹਾਂ ਦੇ ਦਰਸ਼ਨ ਕਰੀਏ। ਅੱਜ ਉਹ ਸੁਨਹਿਰਾ ਮੌਕਾ ਸਾਡੇ ਸਾਹਮਣੇ ਆ ਗਿਆ ਹੈ। ਇਸ ਮੌਕੇ, ਮੈਂ ਨਾ ਸਿਰਫ ਨਗਰ ਨਿਵਾਸੀ ਸਕਰੌਦੀ ਸਗੋਂ ਨੇੜੇ ਦੇ ਪਿੰਡਾਂ ਤੇ ਸਾਰੇ ਇਲਾਕਾ ਨਿਵਾਸੀਆਂ ਵੱਲੋਂ ਹੰਸਪਾਲ ਜੀ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਿਹੜੇ ਇਥੇ ਪਹੁੰਚੇ ਨੇ, ਨੂੰ ਦਿਲ ਦੀਆਂ ਡੂੰਘਾਈਆਂ ਤੋਂ ਜੀ ਆਇਆਂ ਕਹਿੰਦਾ ਹਾਂ। ਅਰਦਾਸ ਕਰਦਾ ਹਾਂ ਕਿ ਇਹ ਸ਼ਹੀਦਾਂ ਦੀ ਜਿਹੜੀ ਅਵਾਜ਼ ਹੈ, ਜੋ ਕਾਰਜ ਹੈ, ਉਹ ਜਿੰਮੇਵਾਰੀ ਨਾਲ ਅਗੇ ਵਧਾਉਂਦੇ ਰਹਿਣਗੇ।"

ਇਸ ਮਗਰੋਂ ਸ਼੍ਰੀ ਸੁਭਾਸ਼ ਗਰੋਵਰ, ਪ੍ਰਧਾਨ ਜ਼ਿਲਾ ਕਾਂਗ੍ਰਸ ਕਮੇਟੀ ਸੰਗਰੂਰ ਨੇ ਆਖਿਆ,

"ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸ਼੍ਰੀ ਐਚ. ਐਸ. ਹੰਸਪਾਲ ਜੀ ਦੀ ਪ੍ਰਧਾਨਗੀ ਵਿਚ ਅੱਜ ਦਾ ਇਹ ਸਮਾਗਮ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹੋ ਰਿਹਾ ਹੈ, ਜਿਨ੍ਹਾਂ ਦਾ ਮੁਲਕ ਦੀ ਅਜ਼ਾਦੀ ਦੀ ਲੜਾਈ ਵਿਚ ਬਹੁਤ ਯੋਗਦਾਨ ਹੈ। ਅੰਗ੍ਰੇਜ਼ਾਂ ਨੇ ਹਿੰਦੁਸਤਾਨ ਨੂੰ ਦੋ ਸੌ ਸਾਲ ਗੁਲਾਮ ਰੱਖਿਆ। ਮੇਰੀ ਉਮਰ ਦੇ ਲੋਕਾਂ ਨੂੰ ਨਹੀਂ ਪਤਾ ਕਿ ਗੁਲਾਮੀ ਕੀ ਚੀਜ਼ ਹੁੰਦੀ ਹੈ, ਕਿਉਂਕਿ ਉਨ੍ਹਾਂ ਸ਼ਹੀਦਾਂ ਨੇ ਅੰਗ੍ਰੇਜ਼ਾਂ ਦੇ ਖਿਲਾਫ਼ ਲੜਾਈ ਲੜ ਕੇ ਸ਼ਹੀਦੀਆਂ ਦੇ ਕੇ ਹੀ ਮੇਰੇ ਵਰਗੇ ਲੋਕਾਂ ਨੂੰ ਅਜ਼ਾਦੀ ਦੀ ਫਿਜ਼ਾ ਵਿਚ ਸਾਹ ਲੈਣ ਦਾ ਮੌਕਾ ਦਿੱਤਾ ਹੈ। ਮਲੇਰਕੋਟਲਾ ਵਿਖੇ ਤੋਪਾਂ ਨਾਲ ਸ਼ਹੀਦਾ ਕੀਤੇ ਗਏ ੬੬ ਕੂਕਿਆਂ ਵਿਚੋਂ, ਚਾਰ ਸ਼ਹੀਦ ਇਸ ਪਿੰਡ ਦੇ ਹਨ। ਉਨ੍ਹਾਂ ਚਾਰ ਸ਼ਹੀਦਾਂ ਨੇ ਮੋਢੀ ਹੋ ਕੇ, ਅਰਦਾਸ ਕਰਕੇ, ਉਨ੍ਹਾਂ ਅੰਗ੍ਰੇਜ਼ਾਂ ਦੇ ਜ਼ੁਲਮ ਤੇ ਤਸ਼ੱਦਦ ਦੇ ਖਿਲਾਫ਼ ਲੜਾਈ ਲਈ, ਜਿਨ੍ਹਾਂ ਨੇ ਹਿੰਦੁਸਤਾਨ ਨੂੰ ਗੁਲਾਮ ਕੀਤਾ।"

"ਮੈਂ ਫਿਰ ਪਿੰਡ ਦੇ ਨਿਵਾਸੀਆਂ ਨੂੰ ਮੁਬਾਰਕ ਬਾਦ ਦਿੰਦਾ ਹਾਂ ਤੇ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ਼ਹੀਦਾਂ ਨੂੰ ਯਾਦ ਰੱਖਿਆ ਹੈ।"

ਇਸ ਮਗਰੋਂ ਸ੍ਰ. ਪੂਰਨ ਸਿੰਘ ਜੋ ਸ਼ਹੀਦ ਲਹਿਣਾ ਸਿੰਘ ਗਰੇਵਾਲ ਦੇ ਪਰਿਵਾਰ ਵਿਚੋਂ ਹਨ, ਨੇ ਸ਼ਹੀਦ ਯਾਦਗਾਰੀ ਕਮੇਟੀ ਅਤੇ ਪੰਚਾਇਤ ਸਕਰੌਦੀ ਵਲੋਂ ਹੰਸਪਾਲ ਜੀ ਨੂੰ ਦਿੱਤੇ ਜਾਣ ਵਾਲਾ ਸਨਮਾਨ-ਪਤੱਰ ਪੜ੍ਹਿਆ।



Namdhari Elibrary NamdhariElibrary@gmail.com

"ਨਗਰ ਪੰਚਾਇਤ, ਸਮੂਹ ਨਗਰ ਨਿਵਾਸੀ ਸਕਰੌਦੀ ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ, ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਪ੍ਰਧਾਨ ਦਰਬਾਰ ਸ੍ਰੀ ਭੈਣੀ ਸਾਹਿਬ ਨੂੰ, ਇਹ ਸਨਮਾਨ-ਪੱਤਰ ਪਿਆਰ ਤੇ ਸਤਿਕਾਰ ਨਾਲ ਭੇਟ ਕੀਤਾ ਗਿਆ। ਆਪ ਜੀ ਦੀ ਸਮੁੱਚੀ ਅਗਵਾਈ ਹੇਠ ਪੰਜਾਬ ਸਰਕਾਰ ਤਰੱਕੀ ਦੀਆਂ ਲੰਮੀਆਂ ਪੁਲਾਂਘਾਂ ਪੁੱਟ ਰਹੀ ਹੈ। ਬਹੁਤ ਸਾਰੇ ਲੋਕ-ਭਲਾਈ ਕੰਮ ਅਰੰਭੇ ਗਏ ਹਨ।

ਹੰਸਪਾਲ ਜੀ, ਅੱਜ ਆਪ ਸ਼ੀਹਦਾਂ ਦੀ ਯਾਦ ਵਿਚ ਬਣਾਏ ਜਾਣ ਵਾਲੇ ਯਾਦਗਾਰੀ ਗੇਟ ਦਾ ਨੀਂਹ-ਪੱਥਰ ਰੱਖ ਰਹੇ ਹੋ। ਇਹ ਆਪ ਜੀ ਦੇ ਆਸ਼ੀਰਵਾਦ ਨਾਲ ਅਤੇ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਾਇਆ ਜਾਵੇਗਾ। ਜਿਨ੍ਹਾਂ ੬੬ ਸ਼ਹੀਦਾਂ ਨੇ ਮਲੇਰਕੋਟਲਾ ਦੇ ਰੱਕੜ ਵਿਖੇ ਤੋਪਾਂ ਨਾਲ ਉੱਡ ਕੇ ਸ਼ਹੀਦੀ ਦੇ ਜਾਮ ਪੀਤੇ ਸਨ, ਉਨ੍ਹਾਂ ਦੀ ਅਗਵਾਈ ਸ੍ਰ. ਹੀਰਾ ਸਿੰਘ, ਲਹਿਣਾ ਸਿੰਘ ਨੇ ਕੀਤੀ ਸੀ। ਉਨ੍ਹਾਂ ਨਾਲ ਸ੍ਰ. ਮਿਤ ਸਿੰਘ ਸਨ। ਉਨ੍ਹਾਂ ਚਾਰ ਸ਼ਹੀਦਾਂ ਦੀ ਯਾਦ ਵਿਚ ਗੇਟ ਉਸਾਰਿਆ ਜਾਣਾ ਹੈ।

ਅਸੀਂ ਇਲਾਕਾ ਨਿਵਾਸੀ ਹੰਸਪਾਲ ਜੀ ਅੱਗੇ ਕੁਝ ਮੰਗਾਂ ਪੇਸ਼ ਕਰਦੇ ਹਾਂ ਮੰਗਾਂ ਹਨ :-

੧. ਸ਼ਹੀਦ ਯਾਦਗਾਰੀ ਗੇਟ ਲਈ ਗਰਾਂਟ ਦਿੱਤੀ ਜਾਵੇ।

੨. ਭਵਾਨੀਗੜ੍ਹ ਤੋਂ ਧੂਰੀ ਤਕ ਸੜਕ ੧੮ ਫੁੱਟ ਚੌੜੀ ਕਰਕੇ ਇਸ ਦਾ ਨਾਂ ਨਾਮਧਾਰੀ ਸ਼ਹੀਦੀ ਮਾਰਗ ਰੱਖਿਆ ਜਾਵੇ।

੩. ਸ਼ਹੀਦਾਂ ਦੇ ਨਾਂ 'ਤੇ ਪਬਲਿਕ ਲਾਈਬ੍ਰੇਰੀ ਬਣਾਈ ਜਾਵੇ।

੪. ਪਿੰਡ ਦੇ ਪਾਣੀ ਦੇ ਨਿਕਾਸ ਕਰਾਉਣ ਦਾ ਪ੍ਰਬੰਧ ਕੀਤਾ ਜਾਵੇ।

੫. ਹਾਈ ਸਕੂਲ ਦੀ ਇਮਾਰਤ ਬਨਾਉਣ ਲਈ ਗਰਾਂਟ ਦਿੱਤੀ ਜਾਵੇ।"

ਇਸ ਸਨਮਨ ਪੱਤਰ ਪੜ੍ਹੇ ਜਾਣ ਉਪ੍ਰੰਤ ਸ੍ਰੀ ਹੰਸਪਾਲ ਜੀ ਬੋਲੇ। ਆਪ ਨੇ ਆਖਿਆ,

"ਸਕਰੌਦੀ ਪਿੰਡ ਦੇ ਤੇ ਇਸ ਇਲਾਕੇ ਦੇ ਸਾਰੇ ਭੈਣੋਂ ਤੇ ਭਰਾਵੋਂ, ਗਰੇਵਰ ਜੀ ਨੇ ਕੁਝ ਗੱਲਾਂ ਤੁਹਾਡੇ ਨਾਲ ਕੀਤੀਆਂ, ਸਟੇਜ ਸਕੱਤਰ (ਮਾਸਟਰ ਨਿਰਭੈ ਸਿੰਘ) ਸਾਰੀਆਂ ਗੱਲਾਂ ਠੀਕ ਦੱਸ ਰਹੇ ਸਨ। ਬਹੁਤ ਮਾਣ ਤੇ ਵਡਿਆਈ ਦੀ ਗੱਲ ਹੈ ਕਿ ਮਲੇਰ ਕੋਟਲਾ ਸਾਕੇ ਵਿਚ ੧੭-੧੮ ਜਨਵਰੀ ੧੮੭੨ ਨੂੰ ਅੰਗ੍ਰੇਜ਼ਾਂ ਰਾਹੀ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ ੬੬ ਸਿੰਘਾਂ ਵਿਚੋਂ, ਇਸ ਪਿੰਡ ਦੇ ਚਾਰ ਸ਼ਹੀਦ ਅਤੇ ਦਿਆਲਗੜ੍ਹ ਪਿੰਡ, ਜਿਥੋ ਮੈਂ ਹੁਣੇ ਹੋ ਕੇ ਆਇਆ ਹਾਂ ਦੇ ਤਿੰਨ ਸ਼ਹੀਦ ਹੋਏ ਹਨ। ਉਥੇ (ਦਿਆਲਗੜ੍ਹ) ਵੀ ਇਹ ਗੱਲ ਮੈਂ ਆਖੀ ਸੀ ਤੇ ਇਥੇ ਵੀ ਇਹ ਗੱਲ ਕਹਿਣੀ ਬਣਦੀ ਹੈ ਕਿ ਸ਼ਹੀਦ ਤਾਂ ਸ਼ਹੀਦ ਹੀ ਹੁੰਦਾ ਹੈ, ਲੇਕਿਨ ਜਿਸ ਤਰ੍ਹਾਂ ਇਕ ਬੱਚਾ ਇਮਤਿਹਾਨ 'ਚ ਬੈਠ ਜਾਂਦਾ ਹੈ ਤਾਂ ਉਹ ੩੩% ਨੰਬਰ ਲੈਕੇ ਪਾਸ ਹੋ ਜਾਂਦੈ। ਇਕ ਬੱਚਾ ਸੌ ਵਿਚੋਂ ਸੌ ਨੰਬਰ ਲੈਂਦਾ ਹੈ ਤਾਂ ਉਹ ਵੀ ਪਾਸ ਹੋ ਜਾਂਦਾ ਹੈ। ਫਰਕ ਤਾਂ ਪੈਂਦਾ ਹੀ ਹੈ ਇਸ ਗੱਲ ਦਾ ਜਲ੍ਹਿਆਂ ਵਾਲੇ ਬਾਗ ਵਿਚ ਤਿੰਨ-ਚਾਰ ਸੌ ਲੋਕ ਸ਼ਹੀਦ ਹੋਏ। ਪਰ ਉਹ ਸ਼ਹੀਦ ਹੋਣ ਵਾਸਤੇ ਨਹੀਂ ਗਏ ਸਨ ਉਥੇ ਲੈਕਚਰ ਸੁਣਨ ਵਾਸਤੇ ਉਹ ਗਏ ਸਨ। ਉਥੇ ਹਾਲਾਤ ਅਜਿਹੇ ਬਣ ਗਏ ਕਿ ਗੋਲੀ ਚਲਵਾ ਦਿੱਤੀ ਨੇ, ਦਰਵਾਜੇ ਬੰਦ ਕਰ ਦਿਤੇ ਗਏ ਤੇ ਹਿੰਦੁਸਤਾਨੀ ਲੋਕ ਸ਼ਹੀਦ ਹੋ ਗਏ। ਪਰ ਮਲੇਰਕੋਟਲਾ ਸਾਕਾ ਦੇ ਇਹ ਸ਼ਹੀਦ ਮਿੱਥ ਕੇ ਗਏ ਇਥੋਂ, ਉਨ੍ਹਾਂ ਨੂੰ ਪਤਾ ਸੀ ਕਿ ਉਥੇ ਜਾ ਕੇ ਸਾਡੀ ਸ਼ਹਾਦਤ ਹੋਣੀ ਹੈ। ਸ਼ਹੀਦਾਂ ਦੀਆਂ ਕਹਾਣੀਆਂ ਉਨ੍ਹਾਂ ਦੀਆਂ ਸਾਖੀਆਂ ਆਖੀਆਂ ਜਾਂਦੀਆਂ ਹਨ, ਸ਼ਹੀਦ ਬਿਸ਼ਨ ਸਿੰਘ, ਸ਼ਹੀਦ ਵਰਿਆਸ ਸਿੰਘ ਆਦਿ ਬਾਰੇ। ਸ਼ਹੀਦ ਵਰਿਆਮ ਸਿੰਘ ਛੋਟੇ ਕੱਦ ਦਾ ਸੀ, ਉਹਨੇ ਕਿਹਾ ਕਿ ਛੋਟੇ ਕੱਦ ਦਾ ਹਾਂ ਤਾਂ ਕੀ ਹੋਇਆ। ਉਸ ਢੇਮਾਂ ਇੱਕਠੀਆਂ ਕਰ ਦੇ ਉਨ੍ਹਾਂ 'ਤੇ ਖੜ੍ਹੋ ਕੇ ਆਖਿਆ ਲਉ ਹੁਣ ਸ਼ਹੀਦ ਕਰੋ। ਇਹੋ ਜਿਹੀਆਂ ਕੁਰਬਾਨੀਆਂ ਨਾਲ ਹੀ ਦੇਸ਼ ਅਜ਼ਾਦ ਹੋਇਐ।"

"ਇਹ ਹੋਰ ਗੱਲ ਆਖੀ ਸੀ ਮੈਂ ਦਿਆਲਗੜ੍ਹ ਕਿ ਅੱਜ ਅਸੀਂ ਆਖਦੇ ਹਾਂ ਕਿ ਸੰਨ ੧੮੭੨ 'ਚ ਨਾਮਧਾਰੀ ਸਿੰਘ ਸ਼ਹੀਦ ਹੋਏ ਮਲੇਰਕੋਟਲਾ ਸਾਕੇ 'ਚ। ਉਦੋਂ ਸਿੱਖਾਂ 'ਚ ਕੋਈ ਵਖਰੇਵਾਂ ਨਹੀਂ ਸੀ ਹੈਗਾ। ਅੰਗ੍ਰੇਜ਼ਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾਈ। ਮਤਲਬ ਕੀ ਸੀ, ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਟੁਕੜੇ-ਟੁਕੜੇ ਕਰ ਦਿਉ ਤੇ ਤਾਕਤ ਕਮਜ਼ੋਰ ਕਰ ਦਿਉ।

ਸ਼ਹੀਦ ਤਾਂ ਸ਼ਹਾਦਤ ਦੇਸ਼ ਵਾਸਤੇ ਦੇ ਕੇ ਤੁਰ ਗਏ। ਇਹ ਸਾਡਾ ਆਪਣਾ ਮਾਣ ਤੇ ਸਤਿਕਾਰ ਹੈ ਕਿ ਅਸੀਂ ਜਿਹੜਾ ਉਨ੍ਹਾਂ ਦੀ ਯਾਦ ਵਿਚ ਕਰੀਏ। ਤੇ ਕਰਨਾ ਵੀ ਚਾਹੀਦਾ ਹੈ ਮੇਰੇ ਜ਼ੁੰਮੇ ਜੋ ਤੁਸੀਂ ਡਿਊਟੀ ਲਾਓਗੇ, ਭਾਵੇਂ ਉਹ ਪੈਸਿਆਂ ਦੀ ਹੋਵੇ ਭਾਵੇਂ ਹੋਰ ਕਿਸਮ ਦੀ ਹੋਵੇ, ਉਹ ਮੈਨੂੰ ਦੱਸੋ"

ਸ਼ਹੀਦ ਮਿੱਤ ਸਿੰਘ ਸਕਰੌਦੀ ਦੇ ਪਰਿਵਾਰ ਵਾਲਿਆਂ ਵੱਲੋਂ ਸ਼ਹੀਦ ਦੀ ਯਾਦ ਵਿਚ ਬਣਾਏ ਗਏ ਗੁਰਦਵਾਰੇ ਵਿਚ ਵੀ ਹੰਸਪਾਲ ਜੀ ਮੱਥਾ ਟੇਕਣ ਗਏ। ਏਥੇ ਸ਼ਹੀਦਾਂ ਦੀ ਯਾਦ



Namdhari Elibrary NamdhariElibrary@gmail.com

ਵਿਚ ਹਰ ਸਾਲ ਪਾਠਾਂ ਦੇ ਭੋਗ ਪਾਏ ਜਾਂਦੇ ਹਨ।

ਸਕਰੌਦੀ ਉਪ੍ਰੰਤ ਹੰਸਪਾਲ ਜੀ ਪਿੰਡ ਜੋਗੇ ਲਈ ਰਵਾਨਾ ਹੋ ਗਏ। ਮੈਂ, ਮੇਰੇ ਪਤੀ ਸ੍ਰੀ ਭਗਵੰਤ ਸਿੰਘ, ਸ੍ਰ. ਗੁਰਮੇਲ ਸਿੰਘ (ਪ੍ਰਧਾਨ ਨਾਮਧਾਰੀ ਸੰਗਤ ਸਕਰੌਦੀ) ਤੇ ਸ੍ਰ. ਪਰਮਜੀਤ ਸਿੰਘ (ਸਵ. ਪਟਵਾਰੀ ਹੁਸ਼ਿਆਰ ਸਿੰਘ ਦੇ ਜਵਾਈ) ਵੀ ਆਪਣੀ ਕਾਰ ਵਿਚ ਹੰਸਪਾਲ ਜੀ ਨਾਲ ਪਿੰਡ ਜੋਗੇ ਗਏ।

ਪਿੰਡ ਜੋਗਾ ਵਿਖੇ ਸਮਾਗਮ ਵਾਲੇ ਸਥਾਨ ਤੇ ਇਕ ਪੰਡਾਲ ਵਿਚ ਵੱਡੀ ਗਿਣਤੀ 'ਚ ਲੋਕ ਬੈਠੇ ਸਨ ਤੇ ਸਟੇਜ 'ਤੇ ਸ੍ਰੀ ਅਜਮੇਰ ਔਲਖ ਜੀ ਦਾ ਲਿਖਿਆ ਡਰਾਮਾ ਪੇਸ਼ ਕੀਤਾ ਜਾ ਰਿਹਾ ਸੀ। ਅਸੀਂ ਹੰਸਪਾਲ ਜੀ ਨਾਲ ਸਟੇਜ 'ਤੇ ਪਏ ਸੋਫੇ ਤੇ ਕੁਰਸੀਆਂ 'ਤੇ ਬੈਠ ਗਏ। ਹੰਸਪਾਲ ਜੀ ਨੇ ਇਸ਼ਾਰਾ ਕੀਤਾ ਕਿ ਡਰਾਮਾ ਚਲਣ ਦਿਓ। ਡਰਾਮੇ ਉਪ੍ਰੰਤ ਹੰਸਪਾਲ ਜੀ ਦਾ ਸਨਮਾਨ, ਜੋਗਾ ਦੇ ਡਾ. ਗੁਰਦਰਸ਼ਨ ਸਿੰਘ ਤੇ ਉਨ੍ਹਾਂ ਦੀ ਪਤਨੀ ਡਾ. ਹਰਮੰਦਰ ਜੀਤ ਕੌਰ ਵੱਲੋਂ ਕੀਤਾ ਗਿਆ। ਜੋਗਾ ਦੇ ਚਾਰ ਸ਼ਹੀਦ ਮਲੇਰਕੋਟਲਾ ਸਾਕੇ ਵਿਚ ਸ਼ਹੀਦ ਹੋਏ। ਸ਼ਹੀਦ ਸ਼ਾਮ ਸਿੰਘ ਚਹਿਲ ੧੮ ਜਨਵਰੀ ਅਤੇ ਸ਼ਹੀਦ ਜਵਾਹਰ ਸਿੰਘ ਚਹਿਲ ਸ਼ਹੀਦ ਸਦਾ ਸਿੰਘ ਚਹਿਲ ਤੇ ਸ਼ਹੀਦ ਕਿਸ਼ਨ ਸਿੰਘ ਭੁੱਲਰ ੧੭ ਜਨਵਰੀ ੧੮੭੨ ਨੂੰ ਸ਼ਹੀਦ ਹੋਏ, ਇਹ ਕਿਹਾ ਜਾਂਦਾ ਹੈ।

ਜੋਗਾ ਦੀ ਪ੍ਰਸਿੱਧ ਸ਼ਖਸੀਅਤ ਸਵ. ਕਾਮਰੇਡ ਜੰਗੀਰ ਸਿੰਘ ਜੋਗਾ, ਸ਼ਹੀਦ ਸ਼ਾਮ ਸਿੰਘ ਚਹਿਲ ਦੇ ਪਰਿਵਾਰ ਵਿਚੋਂ ਸਨ। ਕਾਮਰੇਡ ਜੰਗੀਰ ਸਿੰਘ ਨੇ ਪਿੰਡ ਜੋਗਾ ਵਿਖੇ ਸ਼ਹੀਦ ਸ਼ਾਮ ਸਿੰਘ ਯਾਦਗਾਰੀ ਹਸਪਾਲ ਬਣਵਾਇਆ ਹੋਇਆ ਹੈ। ਕਾਮਰੇਡ ਜੰਗੀਰ ਸਿੰਘ ਦਾ ਪੁੱਤਰ ਡਾ. ਗੁਰਦਰਸ਼ਨ ਸਿੰਘ ਤੇ ਨੂੰਹ ਡਾ. ਹਰ ਮੰਦਰ ਜੀਤ ਕੌਰ ਹਨ। ਮਾਨਸਾ ਰਹਿੰਦੇ ਹਨ ਤੇ ਉਥੇ ਇਨ੍ਹਾਂ ਨੇ ਜੋਗਾ ਨਰਸਿੰਗ ਹੋਮ ਖੋਲ੍ਹਿਆ ਹੋਇਆ ਹੈ। ਇਹ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਦੇ ਹਨ।

ਇਸ ਸਮਾਗਮ ਵਿਚ ਹੰਸਪਾਲ ਜੀ, ਡਾ. ਗੁਰਦਰਸ਼ਨ ਸਿੰਘ, ਸ਼੍ਰੀ ਸੁਵਰਨ ਸਿੰਘ ਵਿਰਕ ਆਦਿਕ ਕਈ ਜਣੇ ਮਲੇਰਕੋਟਲਾ ਦੇ ਸ਼ਹੀਦੀ ਸਾਕੇ ਬਾਰੇ ਬੋਲੇ। ਹੰਸਪਾਲ ਜੀ ਅਤੇ ਸਮਾਗਮ 'ਚ ਯੋਗਦਾਨ ਦੇਣ ਵਾਲੇ ਕੁਝ ਵਿਅਕਤੀਆਂ ਦਾ ਡਾ. ਗੁਰਦਰਸ਼ਨ ਸਿੰਘ ਵਲੋਂ ਸਨਮਾਨ ਕੀਤਾ ਗਿਆ।

ਪਿੰਡ ਜੋਗਾ ਵਿਖੇ, ਚਾਰਾਂ ਸ਼ਹੀਦਾਂ ਦੀ ਯਾਦ ਵਿਚ ਡਾ. ਗੁਰਦਰਸ਼ਨ ਸਿੰਘ ਪਰਿਵਾਰ ਵਲੋਂ ਇਕ ਸ਼ਾਨਦਾਰ ਸ਼ਹੀਦ ਯਾਦਗਾਰੀ ਗੇਟ ਬਣ ਚੁੱਕਾ ਹੈ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੈ ਕਿ ਜਿਥੇ ਸਾਕੇ ਵਾਲੇ ਸਥਾਨਾਂ ਮਲੇਰਕੋਟਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਖੇ ਸ਼ਾਨਦਾਰ ਸ਼ਹੀਦ ਯਾਦਗਾਰਾਂ ਬਣੀਆਂ ਹਨ ਉਥੇ ਹੀ ਹੁਣ ਸ਼ਹੀਦਾਂ ਦੇ ਪਿੰਡਾਂ ਵਿਚ ਵੀ ਸ਼ਹੀਦ ਯਾਦਗਾਰਾਂ ਅਤੇ ਗੇਟ ਬਣ ਰਹੇ ਹਨ।

## ਸ੍ਰੀ ਭੈਣੀ ਸਾਹਿਬ ਵਿੱਚ ਗੁਰੂ ਅੰਗਦ ਦੇਵ ਜੀ ਦਾ ਸ਼ਤਾਬਦੀ ਪੁਰਬ

ਦੋਰਾਹਾ,–੩ ਮਈ, ੨੦੦੪– ਸ੍ਰੀ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਦਿਵਸ ਸਬੰਧੀ ਅੱਜ ਇਥੋਂ ਦਸ ਕਿਲੋਮੀਟਰ ਦੂਰ ਇਤਿਹਾਸਕ ਅਸਥਾਨ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਦੀ ਸਰਪ੍ਰਸਤੀ ਹੇਠ ਵਿਸ਼ਾਲ ਧਾਰਮਿਕ ਸਮਾਗਮ ਹੋਇਆ। ਇਸ ਸਮਾਗਮ ਵਿੱਚ ਪੰਜਾਬ, ਹਰਿਆਣਾ, ਦਿੱਲੀ ਅਤੇ ਹੋਰ ਵੱਖ-ਵੱਖ ਸੂਬਿਆਂ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਪੁੱਜੀਆਂ। ਲੁਧਿਆਣਾ, ਬਠਿੰਡਾ, ਚੰਡੀਗੜ੍ਹ ਅਤੇ ਅੰਮ੍ਰਿਤਸਰ ਤੋਂ ਸ਼ੁਰੂ ਹੋਏ 'ਨਾਮਧਾਰੀ ਖਾਲਸਾ ਚੇਤਨਾ ਮਾਰਚ' ਵੀ ਸ੍ਰੀ ਭੈਣੀ ਸਾਹਿਬ ਪੁੱਜੇ।

ਇਸ ਮੌਕੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਇਤਿਹਾਸ, ਗੁਰਮੁਖੀ ਲਿਪੀ, ਸਮੇਂ ਦੀਆਂ ਸਮਾਜਕ ਕੁਰੀਤੀਆਂ, ਸਿੱਖ ਧਰਮ ਵਿੱਚ ਲੰਗਰ ਦੀ ਪ੍ਰਥਾ, ਸ਼ੁੱਧ ਵਾਤਾਵਰਣ, ਗੁਰੂ ਜੀ ਵੱਲੋਂ ਰਚਿਤ ਬਾਣੀ ਅਤੇ ਹੋਰ ਵੱਖ-ਵੱਖ ਵਿਸ਼ਿਆਂ ਸਬੰਧੀ ਉੱਘੇ ਸਿੱਖ ਵਿਦਵਾਨਾਂ ਡਾ. ਧਰਮ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਜੋਗਿੰਦਰ ਸਿੰਘ ਕੋਹਲੀ, ਪ੍ਰੋ. ਬਲਵਿੰਦਰਪਾਲ ਸਿੰਘ, ਪ੍ਰੋ. ਕ੍ਰਿਪਾਲ ਸਿੰਘ ਕਸੇਲ, ਪ੍ਰੋ. ਹਰਮਿੰਦਰ ਸਿੰਘ ਬੇਦੀ, ਸੰਤ ਦਲੀਪ ਸਿੰਘ ਨਾਮਧਾਰੀ, ਡਾ. ਸੁਵਰਨ ਸਿੰਘ ਵਿਰਕ, ਤਾਰਾ ਸਿੰਘ ਅਨਜਾਣ, ਬੀਬੀ ਸੁਰਿੰਦਰਜੀਤ ਕੌਰ, ਸੂਬਾ ਸੁਰਿੰਦਰ ਕੌਰ ਖਰਲ, ਡਾ. ਗੁਰਇਕਬਾਲ ਸਿੰਘ, ਡਾ. ਲਾਭ ਸਿੰਘ ਖੀਵਾ, ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਰਵਿੰਦਰ ਭੱਠਲ, ਸੰਤ ਹਰਪਾਲ ਸਿੰਘ ਨਾਮਧਾਰੀ, ਡਾ. ਜਤਿੰਦਰ ਸਿੰਘ ਜੌਲੀ ਪਟਿਆਲਾ, ਪ੍ਰਦੁਮਣ ਸਿੰਘ ਬੇਦੀ, ਡਾ. ਸ਼ਰਨਜੀਤ ਕੌਰ, ਜਗਦੀਸ਼ ਸਿੰਘ ਵਰਿਆਮ, ਜਗਦੇਵ ਸਿੰਘ ਜੱਸੋਵਾਲ, ਕੁਲਵੰਤ ਜਗਰਾਉਂ ਆਦਿ ਨੇ ਆਪਣੇ-ਆਪਣੇ ਵਿਚਾਰ ਰੱਖੇ। ਇਸ ਮੌਕੇ ਮੈਕਸੀਕੋ ਤੋਂ ਆਏ ਉੱਘੇ ਦਾਰਸ਼ਨਿਕ ਡਾ. ਐਸਟੇਬਲ ਵਾਈਡਲ ਨੇ ਬੋਲਦਿਆਂ ਕਿਹਾ ਕਿ ਉਸ ਨੇ ੭੦ ਮੁਲਕਾਂ ਵਿੱਚ ਘੁੰਮ ਕੇ ਵੱਡੀ ਖੋਜ ਕੀਤੀ ਹੈ, ਪ੍ਰੰਤੂ ਜੋ ਅਮਨ ਤੇ ਸ਼ਾਂਤੀ ਦਾ ਅਸਲ ਸੰਦੇਸ਼ ਅਤੇ ਉਸ ਉਤੇ ਅਮਲ ਕਰਨ ਦੀ ਗੱਲ ਹੈ, ਉਹ ਸਿਰਫ ਨਾਮਧਾਰੀ ਸੰਪਰਦਾ ਵਿੱਚ ਹੀ ਦੇਖਣ ਨੂੰ ਮਿਲੀ ਹੈ।

ਨਾਮਧਾਰੀ ਮੁਖੀ ਸਤਿਗੁਰੂ ਜਗਜੀਤ ਸਿੰਘ ਹੁਰਾਂ ਨੇ



Namdhari Elibrary NamdhariElibrary@gmail.com

ਅਪੀਲ ਕੀਤੀ ਕਿ ਹਰੇਕ ਸਿੱਖ ਪਰਿਵਾਰ ਹਰ ਮਹੀਨੇ ਇਕ ਸਹਿਜ ਪਾਠ ਦਾ ਭੋਗ ਪਾਵੇ। ਉਨ੍ਹਾਂ ਕਿਹਾ ਕਿ ਨਾ ਸਿਮਰਨ ਹੀ ਸਭ ਦੁੱਖਾਂ ਦੀ ਦਾਰੂ ਹੈ। ਕਿਰਤ ਕਰੋ ਤੇ ਗਊ ਗਰੀਬ ਦੀ ਰੱਖਿਆ ਕਰੋ, ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ 'ਤੇ ਚਲੋ। ਇਸ ਮੌਕੇ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ ਮਨਾਉਂਦਿਆਂ ਗੁਰੂ ਗ੍ਰੰਥ ਸਾਹਿਬ ਦੇ ੫੦੦ ਸਹਿਜ ਪਾਠਾ ਦ ਭਗ ਪਾਏ ਗਏ। ਸ਼ਾਮ ਸਮੇਂ ਗੁਰੂ ਇਤਿਹਾਸਾਂ ਸਬੰਧੀ ਹੱਲੇ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਕਈ ਕਵੀਸ਼ਰੀ ਜਥਿਆਂ ਨੇ ਸਿੱਖ ਇਤਿਹਾਸ ਦੀਆਂ ਵਾਰਾਂ ਗਾਈਆਂ। ਸੰਤ ਰਛਪਾਲ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

*(ਪੰਜਾਬੀ ਟ੍ਰਿਬਿਊਨ)*

## ਸ੍ਰ. ਇਕਬਾਲ ਸਿੰਘ ਬਾਜਵਾ ਦਾ ਵਿਛੋੜਾ

ਟਰੇਕਟਰ ਵਰਕਸ਼ਾਪ ਛਹਿਰਪੁਰ ਮਿਆਉ ਰੋਡ., ਤਹਿ. ਦਾਤਾ-ਗੰਜ, ਜ਼ਿਲ੍ਹਾ ਬਦਾਯੂੰ (ਬਰੇਲੀ) ਉੱਤਰ-ਪ੍ਰਦੇਸ਼ ਦੇ ਮਾਲਕ ਸ. ਇਕਬਾਲ ਸਿੰਘ ਬਾਜਵਾ ਮਕੇਨਿਕ (ਰਮਦਾਸ) ੧੮-੧੦-੨੦੦੩ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਸਾਰੀ ਉਮਰ ਅਣਥੱਕ ਮਿਹਨਤ, ਦ੍ਰਿੜ ਇਰਾਦਾ, ਹੌਸਲਾ-ਬਲੰਦ, ਪਿਆਰ ਤੇ ਸਤਿਕਾਰ ਦੀ ਭਾਵਨਾ ਦਾ ਜਜ਼ਬਾ ਉਨ੍ਹਾਂ ਵਿਚ ਹਰ ਸਮੇਂ ਸਮਾਇਆ ਰਹਿੰਦਾ ਸੀ। ਬਹੁਤ ਹੀ ਦਿਮਾਗ ਵਾਲੇ ਵੱਡੀ ਮਸ਼ੀਨਰੀ ਬਣਾਉਣ ਵਾਲੇ ਮਕੈਨਿਕ ਸਨ। ਦਿਮਾਗੀ ਥਿਊਰੀਆਂ ਵਰਤ ਕੇ ਹਰ ਮਸ਼ੀਨਰੀ ਦਾ ਕੰਮ ਬੜੇ ਸੁਚੱਜੇ ਢੰਗ ਨਾਲ ਕਰਦੇ ਸਨ। ਜੇ ਕਿਸੇ ਗਾਹਕ ਨੇ ਪੈਸੇ ਥੋੜ੍ਹੇ ਦਿੱਤੇ ਜਾਂ ਫਿਰ ਦੇਣ ਦਾ ਵਾਅਦਾ ਕਰ ਜਾਣਾ, ਉਹ ਪੈਸੇ ਹੁਣੇ ਲੈਣ ਲਈ ਕਦੇ ਗਾਹਕ ਨਾਲ ਕਾਹਲੇ ਨਹੀਂ ਸਨ ਪੈਂਦੇ। ਸਗੋਂ ਕਹਿੰਦੇ, ਜਾਹ ਜਾ ਕੇ ਆਪਣਾ ਬੁੱਤਾ ਸਾਰ ਜਦੋਂ ਹੋਣਗੇ ਉਦੋਂ ਦੇ ਜਾਈਂ।

ਉਸ ਜੰਗਲ ਏਰੀਏ ਵਿਚ ਆਸ-ਪਾਸ ਬੈਠੇ ਪੰਜਾਬੀਆਂ ਨੂੰ ਉਨ੍ਹਾਂ ਦੇ ਅਚਾਨਕ ਇਸ ਤਰ੍ਹਾਂ ਤੁਰ ਜਾਣ ਤੇ ਦੋ ਕੰਮਾਂ ਦਾ ਘਾਟਾ ਪੈ ਗਿਆ। ਜੋ ਸਾਰੀ ਉਮਰ ਪੂਰਾ ਨਹੀਂ ਹੋ ਸਕਦਾ— ਇਕ ਤਾਂ ਵਰਕਸ਼ਾਪ ਵਿਚ ਜਿਮੀਂਦਾਰ ਦੇ ਟਰੈਕਟਰ, ਇੰਜਣ ਬਣਾਉਣ ਵਾਸਤੇ, ਦੂਜਾ ਵੱਡਾ ਘਾਟਾ ਇਹ ਕਿ ਸਾਰੇ ਨਾਮਧਾਰੀ ਪੰਜਾਬੀ ਸੰਗਰਾਂਦ ਵਾਲੇ ਦਿਨ ਸਤਿਗੁਰੂ ਜਗਜੀਤ ਦਾ ਓਟ-ਆਸਰਾ ਲੈ ਕੇ ਹਰ ਮਹੀਨੇ ਆਪਣੇ ਸਮੇਂ ਮੁਤਾਬਿਕ ਇਕ ਦੂਜੇ ਦੇ ਡੇਰਿਆਂ ਤੇ ਇਕੱਠੇ ਹੋ ਕੇ ਸੰਗਰਾਂਦ ਦਾ ਤਿਉਹਾਰ ਮਨਾਉਂਦੇ। ਮੇਰੇ ਪਿਤਾ ਸ. ਇਕਬਾਲ ਸਿੰਘ ਬਾਜਵਾ ਆਪਣੀ ਹੱਥੀਂ ਸਾਰਾ ਲੰਗਰ ਤਿਆਰ ਕਰਨ ਦੀ ਸੇਵਾ ਕਰਦੇ ਸਨ। ਇਹ ਸੇਵਾ ਦਾ ਦੂਜਾ ਘਾਟਾ ਪੰਜਾਬੀਆਂ ਨੂੰ ਹਰ ਸੰਗਰਾਂਦ ਤੇ ਉਹਨਾਂ ਦੀ ਯਾਦ ਦਿਵਾਉਂਦਾ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਦੇ ਹੱਥਾਂ ਦੁਆਰਾ ਤਿਆਰ ਕੀਤਾ ਲੰਗਰ ਉਥੋਂ ਦੇ ਪੁਲੀਸ ਅਤੇ ਸਿਵਲ ਅਫਸਰ ਵੀ ਉਂਗਲਾਂ ਚੱਟ-ਚੱਟ ਕੇ ਨਜ਼ਾਰੇ ਨਾਲ ਛੱਕਦੇ ਸਨ। ਹਰ ਵੇਲੇ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਹਨ। ਉਹਨਾਂ ਦੇ ਮਿਲਾਪੜੇ, ਸ. ਪਿਆਰਾ ਸਿੰਘ, ਮੇਜਰ ਸਿੰਘ ਗਰੇਵਾਲ, ਲਖਵਿੰਦਰ ਸਿੰਘ ਅਤੇ ਮੱਲੀ ਪਰਿਵਾਰ ਛਹਿਰਪੁਰ, ਸ. ਫੌਜਾ ਸਿੰਘ, ਸ. ਗੁਰਦੀਪ ਸਿੰਘ, ਛਿੰਦਰ ਸਿੰਘ, ਭੋਲਾ, ਰਣਜੀਤ, ਸਵਰਨਾ, ਚੈਨ ਅਤੇ ਕੰਬੋਜ ਪ੍ਰੀਵਾਰ ਸੈਂਜਨੀ ਫਾਰਮ। ਤਾਇਆ ਪ੍ਰੀਵਾਰ ਸ਼ਿਵਦੇਵ ਸਿੰਘ, ਸ੍ਰ. ਦਲਬੀਰ ਸਿੰਘ ਪੱਪੂ, ਕੁਲਬੀਰ ਸਿੰਘ, ਕਮਲਜੀਤ ਸਿੰਘ, ਦਿੰਦ, ਦਤਾਰ ਅਤੇ ਬਾਜਵਾ ਪ੍ਰੀਵਾਰ ਸੈਂਜਨੀ ਫਾਰਮ, ਸ. ਸਾਧੂ ਸਿੰਘ ਕਿਸਾਨ, ਹਰਜੀਤ ਸਿੰਘ, ਇੰਦਰਜੀਤ ਸਿੰਘ ਗੁਰਾਇਆਂ ਪ੍ਰੀਵਾਰ ਬਦਾਯੂੰ ਅਤੇ ਉਸ ਏਰੀਏ ਦੇ ਸਾਰੇ ਨਾਮਧਾਰੀ ਪੰਜਾਬੀ ਪ੍ਰੀਵਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਹਨ ਉਹਨਾਂ ਦੇ ਪਏ ਵਿਛੋੜੇ ਨੂੰ।

ਜੇ ਕਿਤੇ ਕਿਸੇ ਪੰਜਾਬੀ ਨੂੰ ਹਨੇਰਾ-ਸਵੇਰਾ ਹੋ ਜਾਂਦਾ ਤਾਂ ਉਹਨਾਂ ਕੋਲ ਵਰਕਸ਼ਾਪ ਠਹਿਰ ਜਾਂਦੇ। ਕਿਉਂਕਿ ਖਤਰਨਾਕ ਡਾਕੂ ਏਰੀਆ ਜੁ ਹੈ। ਅੱਜ ਉਸ ਵਰਕਸ਼ਾਪ ਵਿੱਚ ਉਨ੍ਹਾਂ ਦਾ ਸਪੁੱਤਰ ਸ੍ਰ. ਹਰਭਿੰਦਰ ਸਿੰਘ ਬਾਜਵਾ (ਉਰਫ ਗੋਲਡੀ) ਮੇਰਾ ਵੱਡਾ ਵੀਰ ਉਹਨਾਂ ਦੁਆਰਾ ਕੀਤੇ ਅਤੇ ਪਾਏ ਪੂਰਨਿਆਂ ਦੇ ਬੜੇ ਸੁਚੱਜੇ ਢੰਗ ਨਾਲ ਉਨ੍ਹਾਂ ਸਭ ਪੰਜਾਬੀਆਂ ਨੂੰ, ਉਨ੍ਹਾਂ ਵਾਂਗ ਉਸੇ ਤਰ੍ਹਾਂ ਪੂਰਾ ਸਹਿਯੋਗ ਦੇ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਉਹ ਹਮੇਸ਼ਾ ਹਰ ਇਕ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦੇ ਸਨ।

ਪਿਤਾ ਜੀ ਵਰਿਆਮ ਮੈਗਜ਼ੀਨ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਦੇ ਸਨ। ਕਿਉਂਕਿ ਉਹ ਨਾਮਧਾਰੀ ਪਰਿਵਾਰ ਚੰਦੋ-ਵਾਲੀਏ ਨਾਂ ਨਾਲ ਸਬੰਧਿਤ ਤੇ ਮਸ਼ਹੂਰ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਅਤੇ ਜਗਦੀਸ਼ ਸਿੰਘ ਵਰਿਆਮ ਜੀ ਦੀ ਹਿੰਮਤ ਦੁਆਰਾ ਵਰਿਆਮ ਮੈਗਜ਼ੀਨ ਰਾਹੀਂ ਯੂ.ਪੀ. ਦੇ ਜੰਗਲਾਂ ਵਿੱਚ ਵੀ ਨਾਮਧਾਰੀ ਪੰਜਾਬੀਆਂ ਨੂੰ ਸਤਿਗੁਰੂ ਜਗਜੀਤ ਨਾਲ ਸੰਬੰਧਿਤ ਪ੍ਰਵਚਨਾਂ, ਲਿਟਰੇਚਰਾਂ ਸਮੇਂ-ਸਮੇਂ ਸ੍ਰੀ ਭੈਣੀ-ਸਾਹਿਬ ਦੇ ਦਰਸ਼ਨ ਹੋ ਜਾਂਦੇ ਹਨ।

*ਜਸਵਿੰਦਰ ਜੀਤ ਬਾਜਵਾ*
*ਰਮਦਾਸ-ਲਾਈਰਕ B.A-PR*
*੪੨ ਫਰੈਂਡਜ਼ ਕਲੋਨੀ- ਅਰਬਨ ਅਸਟੇਟ ਫੇਸ-੨*
*ਜਲੰਧਰ-ਸ਼ਹਿਰ*



Namdhari Elibrary NamdhariElibrary@gmail.com

## ਪਟੇਲ ਅਤੇ ਚਾਹਲ ਦਾ ਸਨਮਾਨ

ਬਰਨਾਲਾ—ਅਹਿਮਦਾਬਾਦ ਰਹਿੰਦੇ ਸ. ਜੇ. ਪਟੇਲ ਨੇ ਗੁਜਰਾਤੀ ਵਿੱਚ ਬੱਚਿਆਂ ਲਈ ਸੱਠ ਪੁਸਤਕਾਂ ਲਿਖੀਆਂ ਹਨ। ਪਿਛਲੇ ਤੀਹ ਵਰ੍ਹਿਆਂ ਤੋਂ ਉਹ ਪੰਜਾਬੀ ਪੁਸਤਕਾਂ ਨੂੰ ਗੁਜਰਾਤੀ ਵਿੱਚ ਅਨੁਵਾਦ ਕਰਦਾ ਅਤੇ ਛਪਵਾਉਂਦਾ ਆ ਰਿਹਾ ਹੈ। ਹੁਣ ਤੱਕ ਵੀਹ ਪੰਜਾਬੀ ਪੁਸਤਕਾਂ ਗੁਜਰਾਤੀ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਹਨਾਂ ਦੇ ਲੇਖਕ ਹਨ : ਰਾਮ ਸਰੂਪ ਅਣਖੀ, ਜਸਬੀਰ ਭੁੱਲਰ, ਜਗਜੀਤ ਬਰਾੜ, ਜਗਤਾਰ ਢਾਹ, ਬਰਜਿੰਦਰ ਸਿੰਘ, ਕੇ. ਐਲ. ਗਰਗ, ਹਰਸਰਨ ਸਿੰਘ, ਫੂਲ ਚੰਦ ਮਾਨਵ, ਮਹਿੰਦਰ ਸਿੰਘ ਜੋਸ਼ੀ, ਜੋਗਾ ਸਿੰਘ ਅਤੇ ਪਰਗਟ ਸਿੰਘ ਸਿੱਧੂ। ਪਿਛਲੇ ਦਿਨੀਂ ਉਹਨੂੰ ਬਰਨਾਲਾ ਵਿਖੇ ਬੁਲਾ ਕੇ ਅਦਾਰਾ 'ਕਹਾਣੀ ਪੰਜਾਬ ' ਵਲੋਂ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਇਕਵੰਜਾ ਸੌ ਰੁਪਏ ਦੀ ਨਕਦ ਰਾਸ਼ੀ ਅਤੇ ਗਰਮ ਸ਼ਾਲ ਸ਼ਾਮਲ ਸੀ।

ਮਾਨਸਾ ਰਹਿੰਦਾ ਰਾਮ ਸਿੰਘ ਚਾਹਲ ਖੁਦ ਪੰਜਾਬੀ ਕਵਿਤਾ ਲਿਖਦਾ ਹੀ ਨਹੀਂ, ਸਮਕਾਲੀ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਹਿੰਦੀ ਵਿੱਚ ਅਨੁਵਾਦ ਕਰਕੇ ਏਧਰ ਉਧਰ ਛਪਵਾਉਂਦਾ ਵੀ ਰਹਿੰਦਾ ਹੈ। ਹਿੰਦੀ ਵਿਚੋਂ ਅਗਾਂਹ ਉਹ ਰਚਨਾਵਾਂ ਦੂਜੀਆਂ ਭਾਰਤੀ ਭਾਸ਼ਾਵਾਂ ਵਿੱਚ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਹ ਹੁਣ ਤੱਕ ਇਸ ਸੌ ਤੋਂ ਵੱਧ ਪੰਜਾਬੀ ਕਵੀਆਂ ਨੂੰ ਅਨੁਵਾਦ ਕਰ ਚੁੱਕਿਆ ਹੈ। ਦੂਜੀਆਂ ਭਾਸ਼ਾਵਾਂ ਦੇ ਕਵੀਆਂ ਨੂੰ ਹਿੰਦੀ ਵਿਚੋਂ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਸਿਲਸਿਲਾ ਵੀ ਜਾਰੀ ਰਹਿੰਦਾ ਹੈ। ਇੰਝ ਕਵਿਤਾ ਦੇ ਮੈਦਾਨ ਵਿੱਚ ਆਦਾਨ-ਪ੍ਰਦਾਨ ਦਾ ਇਹ ਮਹਾਨ ਕਾਰਜ ਰਾਮ ਸਿੰਘ ਚਾਹਲ ਦੇ ਹਿੱਸੇ ਹੀ ਆਇਆ ਹੈ। ਅਦਾਰਾ 'ਕਹਾਣੀ ਪੰਜਾਬ' ਵਲੋਂ ਚਾਹਲ ਨੂੰ ਗਿਆਰਾਂ ਸੌ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਸਨ, ਡਾ. ਤੇਜਵੰਤ ਮਾਨ, ਮਨਮੋਹਨ ਬਾਵਾ, ਗੁਰਮੇਲ ਮਡਾਹੜ ਅਤੇ ਡੀ ਸੀ. ਗਰਗ, ਜਿਹਨਾਂ ਨੇ ਅਨੁਵਾਦ ਦੀ ਮਹੱਤਤਾ ਬਾਰੇ ਅਪਣੇ ਵਿਚਾਰ ਪੇਸ਼ ਕੀਤੇ। ਹੋਰ ਬੁਲਾਰੇ ਸਨ : ਪਰਗਟ ਸਿੰਘ ਸਿੱਧੂ, ਕੇ.ਐਲ. ਗਰਗ, ਹਰਭਜਨ ਨੀਰ, ਭੋਲਾ ਸਿੰਘ ਸੰਘੇੜਾ ਅਤੇ ਰਾਮ ਸਰੂਪ ਅਣਖੀ।

ਇਹ ਸਨਮਾਨ-ਸਮਾਗਮ ਹੰਢਿਆਇਆ-ਰੋਡ ਉੱਤੇ ਪੰਜਾਬ ਆਈ.ਟੀ.ਆਈ. ਦੇ ਹਾਲ ਵਿੱਚ ਕੀਤਾ ਗਿਆ। ਬਾਅਦ ਵਿੱਚ ਇਕ ਸੰਖੇਪ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਡਾ. ਸੰਪੂਰਨ ਟੱਲੇਵਾਲੀਆ, ਦਰਸ਼ਨ ਸਿੰਘ ਗੁਰੂ, ਪ੍ਰੇਮ ਸਿੰਘ ਮਸਤਾਨਾ, ਤਰਸੇਮ, ਸਰੂਪ ਸਿੰਘ ਮੰਡੇਰ, ਸੁਦਾਗਰ ਸਿੰਘ ਕਲਾਲਮਾਜਰਾ, ਡਾ. ਕਰਾਂਤੀ ਪਾਲ, ਸੁਖਦੀਪ, ਜੈਕਿਸ਼ਨ ਕੌਸ਼ਲ, ਰਾਮ ਸਿੰਘ ਚਾਹਲ, ਪ੍ਰੀਤਮ ਸਿੰਘ ਰਾਹੀ, ਪਰਮਜੀਤ ਮਾਨ, ਭੁਪਿੰਦਰ ਸਿੰਘ ਬੇਦੀ, ਡਾ. ਸੁਰਿੰਦਰ ਸਿੰਘ ਭੱਠਲ, ਡਾ. ਸੁਰਜੀਤ ਬਰਾੜ, ਸਰਬਜੀਤ ਔਲਖ, ਧਰਮ ਸਿੰਘ ਗੁਲਾਟੀ ਆਦਿ ਨੇ ਆਪਣੀਆਂ ਨਵੀਆਂ ਰਚਨਾਵਾਂ ਸੁਣਾਈਆਂ।

ਅਦਾਰਾ ਕਹਾਣੀ ਪੰਜਾਬ ਵੱਲੋਂ ਮਾਲਵਾ ਸਿਰਜਣਾ ਕੇਂਦਰ ਅਤੇ ਪ੍ਰਦੇਸੀ ਕਲਾ ਮੰਚ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ ਇਹ ਸਮਾਗਮ ਗਿਆਰਾਂ ਵਜੇ ਤੋਂ ਤਿੰਨ ਵਜੇ ਤੱਕ ਚਲਦਾ ਰਿਹਾ।

## ਮਾਵਾਂ ਦਾ ਮਹਾਤਮ

### ਮਾਤਾ ਸਵਰਨ ਕੌਰ ਦੀ ਯਾਦ ਵਿਚ

ਦੁਨੀਆਂ ਵਿੱਚ ਤਿੰਨ ਚੀਜ਼ਾਂ ਬਹੁਤ ਮਹੱਤਵਪੂਰਨ ਹਨ: ਮਾਂ, ਮਾਂ ਬੋਲੀ ਅਤੇ ਧਰਤੀ ਮਾਂ (Mother Earth)। ਮਨੁੱਖ ਦੇ ਵਿਕਾਸ 'ਚ ਇਨ੍ਹਾਂ ਹਮੇਸ਼ਾ ਇਕ ਬਹੁਤ ਵੱਡਾ ਰੋਲ ਅਦਾ ਕੀਤਾ ਹੈ

ਇਨ੍ਹਾਂ ਤਿੰਨਾਂ ਚੀਜ਼ਾਂ ਦੀ ਅਹਿਮੀਅਤ ਨੂੰ ਮਨੁੱਖ ਨੇ ਜਦ ਕਦੇ ਵੀ ਅਣਗੌਲਿਆਂ ਕੀਤਾ, ਉਹ ਕੱਖੋਂ ਹੌਲਾ ਹੋ ਗਿਆ। ਕੀ ਸੂਰਮੇ ਅਤੇ ਕੀ ਕਲਾਤਮਿਕ ਪੱਖੋਂ ਸਿਖਰਾਂ ਛੋਂਹਦੇ ਬੰਦੇ, ਮਾਵਾਂ ਹੀ ਜਣਦੀਆਂ ਹਨ। ਦੁਨੀਆਂ ਭਰ ਵਿੱਚ ਯੂਨੀਵਰਸਿਟੀਆਂ ਵਲੋਂ ਕਰਵਾਈਆਂ ਗਈਆਂ ਖੋਜਾਂ ਨੇ ਅੱਜ ਇਹ ਸਿੱਧ ਕਰ ਦਿੱਤਾ ਹੈ ਕਿ ਆਪਣੀ ਮਾਂ-ਬੋਲੀ ਨੂੰ ਪਿਆਰਦੇ ਬੱਚੇ, ਬਹੁ-ਪੱਖੀ ਵਿਕਾਸ ਪੱਖੋਂ, ਦੂਜਿਆਂ ਨਾਲੋਂ ਮੀਲਾਂ ਦੂਰ ਅੱਗੇ ਨਿਕਲ ਜਾਂਦੇ ਹਨ (ਹਰ ਵੇਲੇ ਅੰਗਰੇਜ਼ੀ, ਅੰਗਰੇਜ਼ੀ, ਅੰਗਰੇਜ਼ੀ ਦੀ ਰਟ ਕੋਈ ਜ਼ਰੂਰੀ ਨਹੀਂ) ਅਤੇ ਏਸੇ ਤਰ੍ਹਾਂ ਮਨੁੱਖ ਧਰਤੀ-ਮਾਂ ਤੋਂ, ਕੁਦਰਤ ਦੀ ਗੋਦ ਤੋਂ, ਹੌਲੀ ਹੌਲੀ ਜਿੰਨਾ ਵੀ ਪਰ੍ਹੇ ਹਟਦਾ ਗਿਆ, ਓਨਾ ਹੀ ਉਸਦਾ ਸਕੂਨ (ਸੁਖ ਸ਼ਾਂਤੀ) ਘਟਦਾ ਗਿਆ। ਰੁੱਖਾਂ ਦੇ ਨਿਰਾਦਰ ਅਤੇ ਅੰਨ੍ਹੇਵਾਹ ਵੱਢ ਵਢਾਂਗੇ (deforestation) ਸਦਕਾ, ਸ਼ਹਿਰਾਂ ਦੀ ਕੰਕਰੀਟ ਨੇ ਮਨੁੱਖ ਨੂੰ ਰੂਹਾਨੀ ਪੱਖੋਂ ਬੌਨਾ ਡੁੱਡਾ ਬਣਾ ਦਿੱਤਾ ਅਤੇ ਚਿੜੀਆਂ, ਘੁੱਗੀਆਂ, ਮੋਰਨੀਆਂ ਅਤੇ ਕੋਇਲਾਂ ਆਦਿ ਦੇ ਮਨਮੋਹਕ ਮਧੁਰ ਸੰਗੀਤ ਦੀ ਬਜਾਏ ਉਸਨੂੰ ਸ਼ੋਰ ਸ਼ਰਾਬੇ ਅਤੇ ਖੌਰੂ ਖੜਾਕੇ (ਪੌਪ ਸ਼ੌਪ ਮਿਊਜ਼ਕ ਆਦਿ) ਵਾਲੀ ਪਰਦੂਸ਼ਨ ਭਰਪੂਰ ਸੜ੍ਹਿਆਨ ਵਲ ਧੱਕ ਦਿੱਤਾ। ਇਹ ਸਭ ਚੀਜ਼ਾਂ ਭਾਵੇਂ ਤੁਸੀਂ 'ਕੁਦਰਤ ਦੀ ਕਾਇਨਾਤ' ਜਾਂ (Ecology) ਨਾਲ ਸੰਬੰਧ ਰੱਖਦੀਆਂ ਕਹਿ ਲਓ, ਮਨੁੱਖ ਨੂੰ ਓੜਕ 'ਕਾਦਰ ਦੀ ਕੁਦਰਤ ਹੀ ਕਾਰਗਰ' (Back to Nature) ਵਾਲੇ ਸਿਧਾਂਤ ਚੋਂ ਹੀ ਭਰਪੂਰ ਖਜ਼ਾਨੇ ਮਿਲਣਗੇ : ਕੀ ਮਾਂ ਅਤੇ ਉਸਦਾ ਮਾਖਿਓਂ ਮਿੱਠਾ ਸ਼ੀਰ (Breast Feeding) ਬੋਤਲੀ ਨਕਲੀ ਦੁੱਧ ਨਹੀਂ) ਕੀ ਕੁਦਰਤੀ ਮਾਂ ਬੋਲੀ ਅਤੇ ਕੀ ਕੁਦਰਤ ਦਾ ਕਾਇਨਾਤ ਦਾ ਕੁਰਬ ਜਾਂ ਸੰਗ!

*—ਬਲਬੀਰ ਸਿੰਘ ਕੰਵਲ, ਯੂ.ਕੇ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਵੀਰਾਨ ਜ਼ਮੀਨ ਨੂੰ ਹਾੜ੍ਹ ਦੇ ਮਹੀਨੇ ਮਿਲੇ ਪਾਣੀ ਵਾਂਗ ਮਿਲ ਰਿਹਾ ਏ। ਵਰਿਆਮ ਤਾਂ ਇਕ ਦਿਨ ਵਿੱਚ ਹੀ ਪੜ੍ਹ ਲਈਦਾ ਏ ਤੇ ਬਾਕੀ ਦਾ ਮਹੀਨਾ ਉਡੀਕਾਂ ਵਿੱਚ ਗੁਜ਼ਾਰ ਦਈਦਾ ਏ। ਵਿਰਕ ਸਾਹਿਬ ਦੇ ਲੰਮੇ ਲੰਮੇ ਲੇਖ ਵੀ ਤਾਜ਼ੇ ਗੰਨੇ ਦਾ ਰਸ ਵਾਂਗ ਪੀ ਜਾਈਦੇ ਨੇ। ਤਰਸ ਜੀਆਂ ਦੀਆਂ ਪਿਆਰੀਆਂ ਨਜ਼ਮਾਂ ਤੇ ਹੋਰ ਬੜਾ ਕੁਝ ਪੜ੍ਹ ਕੇ ਵਰਿਆਮ ਅਦਾਰੇ ਦਾ ਧੰਨਵਾਦ ਕਰਨੋਂ ਨਹੀਂ ਰਿਹਾ ਜਾਂਦਾ। ਆਪ ਜੀ ਦਾ ਸੰਪਾਦਕੀ ਛੋਟਾ ਮਗਰ ਤੀਲੇ ਤੇ ਚਾੜ੍ਹ ਕੇ ਦਿਤੇ ਕਿਸੇ ਸੰਨਿਆਸੀ ਦੇ ਕੁਸ਼ਤੇ ਵਾਂਗ ਬਹੁਤਾ ਤੇ ਛੇਤੀ ਅਸਰ ਕਰਨ ਵਾਲਾ ਹੀ ਤਾਂ ਹੁੰਦਾ ਹੈ।

"ਵਰਿਆਮ" ਦੇ ਜਨਮ ਤੋਂ ਹੀ ਇਕ ਐਸਾ ਪਾਠਕ ਹਾਂ ਜੋ ਵਰਿਆਮ ਨੂੰ ਨਿਰਾ ਪੜ੍ਹਦਾ ਹੀ ਨਹੀਂ ਇਹਦੇ ਵਧਣ ਫੁੱਲਣ ਲਈ ਸ਼ੁਭ ਇਛਾਵਾਂ ਤੇ ਅਸੀਸਾਂ ਰੂਪੀ ਪਾਣੀ ਵੀ ਹਰ ਘੜੀ ਦੇਂਦਾ ਰਹਿੰਦਾ ਹੈ।

"ਫੁੱਲ ਖਿੜੇ ਨੂੰ ਜੜ੍ਹ ਦੀ ਮਿੱਟੀ ਨੇ ਕਿਹਾ :
ਸੁਹਜ ਤੇਰੇ ਵਿੱਚ ਮੇਰਾ ਵੀ ਹੱਥ ਹੈ।"

ਮੈਂ ਅਜ ਦੀ ਕਿਸਾਨੀ ਬਾਰੇ "ਬਾਰਾਂ ਮਾਹ" ਲਿਖੇ ਹਨ। ਚਾਹੁੰਦਾ ਤਾਂ ਮੈਂ ਇਹ ਬਾਰਾਂ ਮਾਹ ਉਸੇ ਵਿਧਾ ਵਿੱਚ ਹੀ ਲਿਖਣਾ ਸਾਂ ਜਿਸ ਵਿੱਚ ਗੁਰੂ ਸਾਹਿਬ ਨੇ ਰਾਗ ਮਾਝ ਵਿੱਚ ਰਚੇ ਸਨ, ਪਰ ਮੈਂ ਸਮਝਿਐ ਕਿ ਜਿਹੜੀ ਸਪੱਸ਼ਟਤਾ "ਬੈਂਤ" ਵਿੱਚ ਆਪਣੀ ਰਚਨਾ ਵਿੱਚ ਭਰ ਸਕਦਾ ਹਾਂ ਉਹ ਸ਼ਾਇਦ ਕਿਸੇ ਹੋਰ ਸਿਨਫ਼ ਵਿੱਚ ਨਾ ਭਰ ਸਕਾਂ। ਮੈਂ ਗੀਤ ਲਿਖੇ ਨੇ ਗ਼ਜ਼ਲਾਂ ਲਿਖੀਆਂ ਨੇ ਹੋਰ ਬੜਾ ਕੁਝ ਪਰ ਜੋ ਮਨ ਨੂੰ ਤਸੱਲੀ ਬੈਂਤ ਲਿਖਣ ਨਾਲ ਆਉਂਦੀ ਏ ਉਹ ਹੋਰ ਕਿਸੇ ਵਿਦਾ ਵਿੱਚ ਨਹੀਂ ਆਈ।

"ਬੈਂਤ" ਪੰਜਾਬੀ ਸ਼ਾਇਰਾਂ ਤੇ ਪਾਠਕਾਂ ਦੇ ਖ਼ੂਨ ਵਿੱਚ ਰਚਿਆ ਹੋਇਆ ਹੈ। ਵਾਰਸ ਸ਼ਾਹ, ਕਾਦਰ ਯਾਰ, ਮਾਨ ਸਿੰਘ, (ਕਾਲੀਦਾਸ), ਵਿਧਾਤਾ ਸਿੰਘ ਤੀਰ, ਫ਼ਜ਼ਲ ਸ਼ਾਹ ਤੇ ਹੋਰ ਕਵੀਆਂ ਨੇ ਬੈਂਤ ਨੂੰ ਪੰਜਾਬੀਆਂ ਦੇ ਰੋਮ ਰੋਮ ਵਿੱਚ ਰਮਾ ਦਿੱਤਾ ਹੋਇਆ ਜਾਪਦਾ ਏ। "ਬੈਂਤ" ਪੜ੍ਹਨ ਤੇ ਗਾਣ ਦੀਆਂ ਬੇਸ਼ੁਮਾਰ ਤਰਜ਼ਾਂ ਹਨ ਤੇ ਹਰ ਤਰਜ਼ ਅੱਛੇ ਗਵੱਈਏ ਦੀ ਗਾਈ ਹੋਈ ਹਰ ਪੰਜਾਬੀ ਨੂੰ ਹਾਰਦਿਕ ਸੰਤੁਸ਼ਟੀ ਦਿਵਾਉਂਦੀ ਹੈ। "ਬੈਂਤ" ਬਾਰੇ ਜੇ ਮੈਂ ਆਪਣੇ ਪੂਜਯ ਮਾਮਾ ਜੀ, ਸਵਰਗੀ ਸੰਤ ਤਰਨ ਸਿੰਘ ਜੀ ਵਹਿਮੀ ਬਾਰੇ ਵੀ ਕੁਝ ਨਾ ਲਿਖਾਂ ਤਾਂ ਬੇਇਨਸਾਫ਼ੀ ਹੋਵੇਗੀ। 'ਅੱਖੀਆਂ' ਨਾਮ ਦੀ ਪੁਸਤਕ ਵਿੱਚ ਉਹਨਾਂ ਨੇ "ਬੈਂਤ" ਸਿਨਫ਼ ਨੂੰ ਕਮਾਲ ਦੀ ਰਵਾਨੀ ਤੇ ਰੋਚਿਕਤਾ ਬਖਸ਼ੀ ਏ। ਪੜ੍ਹਨ ਵਾਲਾ ਉਹਨਾਂ ਦੀ ਵਿਦਵਤਾ ਭਰੀ ਸ਼ਾਇਰੀ ਦਾ ਕਾਇਲ ਹੋਣੋਂ ਨਹੀਂ ਰਹਿੰਦਾ। ਪਹਿਲਾਂ ਪਹਿਲ ਉਹਨਾਂ ਬ੍ਰਿਜ ਭਾਸ਼ਾ ਵਿੱਚ ਵੀ ਲਿਖਿਆ। ਕਬਿਤ ਵੀ ਰਚੇ, ਪਰ ਬੈਂਤ ਨੇ ਅੰਦਰ ਦੀ ਗੱਲ ਨੂੰ ਸਪਸ਼ਟ ਕਰਨ ਲਈ ਉਹਨਾਂ ਦੀ ਸ਼ਾਇਰੀ ਨੂੰ ਸਿਖਰ ਤੇ ਪੁਚਾ ਦਿਤਾ ਜਾਪਦਾ ਹੈ।

ਖ਼ੈਰ! ਮੈਂ ਇਹ ਬਾਰਾਂ ਮਾਹ ਵੀ ਬੈਂਤ ਵਿੱਚ ਵੀ ਲਿਖਣੇ ਠੀਕ ਸਮਝੇ—

*—ਅਮਰੀਕ ਸਿੰਘ*
*ਐਲਨਾਬਾਦ*

ਸ੍ਰ. ਸਵਰਨ ਸਿੰਘ ਸਨੇਹੀ ਐਮ.ਏ.ਜੀ ਦੇ ਤਿੰਨ ਕਿਸ਼ਤਾਂ ਵਿੱਚ ਸ੍ਰ. ਗੁਰਬਖਸ਼ ਸਿੰਘ 'ਪ੍ਰੀਤਲੜੀ' ਦਾ ਧਰਮ-ਵਿਸ਼ਵਾਸ ਲੇਖ 'ਵਰਿਆਮ' ਵਿੱਚ ਬੜੀ ਹੀ ਗਹਿਰਾਈ ਨਾਲ ਪੜ੍ਹੇ।

ਮੈਂ ਆਪਣੇ ਨਜ਼ਦੀਕੀ ਮਿੱਤਰ ਰਾਹੀਂ ਲਗਭਗ ਪੰਦਰਾਂ ਕੁ ਸਾਲ 'ਪ੍ਰੀਤਲੜੀ' ਦੇ ਲੇਖਾਂ ਨਾਲ ਜੁੜਿਆ ਰਿਹਾ ਸਾਂ। ਕਈ ਜਾਗਰੂਕ ਲੇਖ ਪੜ੍ਹ ਸਮਾਧਾਨ ਮਿਲਦਾ ਸੀ। ਪਰ ਵਿਰੋਧਾਭਾਸ ਵੀ ਬਹੁਤ ਸੀ। ਉਹਨਾਂ ਦੀ ਕਮਿਊਨਿਜ਼ਮ ਵਿਚਾਰਧਾਰਾ ਬਹੁਤ ਹੀ ਕਚੋਟਣੀ ਸੀ। ਕਿਉਂਕਿ ਮੈਂ ਆਪਣੇ ਪ੍ਰੋਫੈਸ਼ਨ ਵਿੱਚ ਲੇਬਰ ਓਰੀਏਂਟਡ ਕਾਰੋਬਾਰ ਵਿੱਚ ਸਾਂ। ਉਸ ਸਮੇਂ ਕਮਿਊਨਿਜ਼ਮ ਆਪਣੇ ਉੱਚ ਸਿਖਰ ਵਿੱਚ ਸੀ। ਸ੍ਰ. ਗੁਰਬਖਸ਼ ਸਿੰਘ ਜੀ ਦੀ ਇਸ ਵਿਚਾਰਧਾਰਾ ਨਾਲ ਬਿਲਕੁਲ ਸਹਿਮਤ ਨਹੀਂ ਸਾਂ। ਕੁਝ ਅਪਵਾਦ ਛੱਡ ਕੇ ਕਮਿਊਨਿਜ਼ਮ ਵਿਚਾਰਧਾਰਾ ਭਾਰਤ ਦੀ ਤੇ ਸਮਾਜ ਦੀ ਉੱਨਤੀ ਵਿੱਚ ਕੁਝ ਵੱਡਾ ਯੋਗਦਾਨ ਨਹੀਂ ਸੀ ਕਰ ਸਕੀ।

ਇਹੋ ਹੀ ਵੱਡਾ ਕਾਰਣ ਸੀ ਕਿ ਮੈਂ ਗੁਰਬਖਸ਼ ਸਿੰਘ ਜੀ ਦਾ ਵਿਰੋਧੀ ਸਾਂ। ਪਰ ਫੇਰ ਵੀ ਮੈਂ 'ਪ੍ਰੀਤਲੜੀ' ਦੇ ਹਰ ਲੇਖ ਨੂੰ ਜ਼ਰੂਰ ਹੀ ਪੜ੍ਹਦਾ ਸਾਂ। ਜੇ ਉਹਨਾਂ ਦੀ ਕਮਿਊਨਿਜ਼ਮ ਦੀ ਵਿਚਾਰਧਾਰਾ ਨੂੰ ਅਲੱਗ ਕਰ ਦਿੱਤਾ ਜਾਏ, ਤਾਂ ਜੋ ਇਹ ਜ਼ਰੂਰ ਲਗਦਾ ਹੈ, ਕਿ ਤਿੰਨਾਂ ਕਿਸ਼ਤਾਂ ਵਿੱਚ ਸ੍ਰ. ਸਵਰਨ ਸਿੰਘ ਸਨੇਹੀ ਐਮ.ਏ. ਜੀ ਨੇ ਬਾਕੀ ਜੋ ਬੜੇ ਵਿਸਥਾਰ ਨਾਲ ਲਿਖਿਆ ਹੈ, ਇਹ ਦੱਸਦਾ ਹੈ, ਕਿ ਮੇਰੇ ਇੰਨੇ ਵਿਰੋਧਾਭਾਸ ਹੋਣ ਦੇ ਬਾਵਜੂਦ, ਉਹਨਾਂ ਦੀ ਕਲਮ ਧਾਰਮਿਕ ਮਸਲਿਆਂ ਬਾਰੇ ਚਲਦੀ ਸੀ, ਸ਼ਾਇਦ ਇਹੋ ਹੀ ਖਿੱਚ 'ਪ੍ਰੀਤਲੜੀ' ਅਤੇ ਸ੍ਰ. ਗੁਰਬਖਸ਼ ਸਿੰਘ ਜੀ ਨਾਲ ਮੈਨੂੰ ਜੋੜ ਕੇ ਰੱਖਿਆ।

ਮੈਂ ਇਕ ਵਾਰ ਫੇਰ ਸ੍ਰ. ਸਵਰਨ ਸਿੰਘ ਐਮ.ਏ. ਅਤੇ 'ਵਰਿਆਮ' ਦਾ ਅਤੀ ਧੰਨਵਾਦੀ ਹਾਂ, ਜਿਹਨਾਂ ਇਤਨਾ ਬੜਾ ਉਪਰਾਲਾ ਕਰਕੇ ਇਸ ਤੱਥ ਨੂੰ ਉਜਾਗਰ ਕੀਤਾ। ਅੱਜ ਮੈਂ ਕਹਿ ਸਕਦਾ ਹਾਂ, ਕਿ ਮੈਂ ਆਪ ਇਤਨੇ ਵਿਰੋਧਾਭਾਸ ਹੋਣ ਦੇ ਬਾਵਜੂਦ ਸ੍ਰ. ਗੁਰਬਖਸ਼ ਸਿੰਘ ਅਤੇ 'ਪ੍ਰੀਤਲੜੀ' ਨਾਲ ਇਤਨੇ ਸਾਲ ਕਿਉਂ ਜੁੜਿਆ ਰਿਹਾ।

*—ਮਹਿੰਦਰ ਸਿੰਘ ਮਠਾਰੂ "ਚਿਤਾਰ"*
*ਦਾਪੋੜੀ, ਪੂਨਾ, (ਮਹਾਰਾਸ਼ਟਰ)*



Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼
ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prof. S. Ajit Singh Namdhari

**JANTA**
**HYDRAULIC PRESSES**



JANTA ENGG. WORKS

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੬੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056





Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code 01824

**For Fitting Diesel Engines in Foreign**

&

INDIAN CAR BODIES




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,

**PHAGWARA**



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

Pinoneer Manufacturer in India of

❖ Automatic machines for producing Biscuits

❖ Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84     Fax :— +91-40--4530475*

*E-mail:amber @hd1.vsnl.net.in*

Balvinder Pal Singh, *Manging Director*    Lakhbir Singh Muchhal, *Director*    Bakhshish Singh Muchhal, *Director*



Namdhari Elibrary    NamdhariElibrary@gmail.com




ਪੰਜਾਬੀ ਸਾ... ਸਭਾ ਪਟਿਆਲਾ ਵਲੋਂ ਡਾ. ਕਰਤਾਰ ਸਿੰਘ ਸੂਰੀ ਦੀ ਪੁਸਤਕ ਅਮਿੱਟ ਯਾਦਾਂ ਦੇ ਰੀਲੀਜ਼ ਸਮਾਗਮ ਸਮੇਂ ਮੰਚ ਤੇ ਸੁਸ਼ੋਭਿ... ਤੋਂ ਸੱਜੇ ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਹਰਭਜਨ ਸਿੰਘ ਦਿਉਲ, ਪ੍ਰੋ. ਪ੍ਰੀਤਮ ਸਿੰਘ, ਸ. ਸ਼ਾਮ ਸਿੰਘ (ਪੰਜਾਬੀ ਟ੍ਰਿਬਿਊਨ), ਡਾ. ਕਰਤਾਰ ਸਿੰਘ ਸੂਰੀ ਅਤੇ ਪ੍ਰਿੰ. ਮੋਹਨ ਸਿੰਘ ਪ੍ਰੇਮ।




ਪਿਛਲੇ ਦਿਨੀਂ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਬਲਵਿੰਦਰ ਗਰੇਵਾਲ ਦੀ ਪੁਸਤਕ ਯੁੱਧ ਖੇਤਰ ਤੇ ਹੋਈ ਗੋਸ਼ਟੀ ਸਮੇਂ ਪ੍ਰਧਾਨਗੀ ਮੰਡਲ ਵਿਚ ਬੈਠੇ ਖੱਬਿਓਂ ਡਾ. ਉਮਿੰਦਰ ਜੌਹਲ, ਜਗਦੀਸ਼ ਸਿੰਘ ਵਰਿਆਮ, ਡਾ. ਸਾਧੂ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਜੁਗਿੰਦਰ ਸਿੰਘ ਰਾਹੀ, ਡਾ. ਸੁਰਜੀਤ ਪਾਤਰ, ਡਾ. ਵਰਿਆਮ ਸਿੰਘ ਸੰਧੂ ਅਤੇ ਬਲਵਿੰਦਰ ਗਰੇਵਾਲ।

Namdhari Elibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 June -2004



NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

"ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੂਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246

ਖਰਬੂਜਾ : N.S. 7455 ਅਤੇ ਅਭੀਜੀਤ

ਲੌਕੀ (ਘੀਆ) : ਕਾਵੇਰੀ

ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ

ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 834036, 834420
ਮੋਬਾਇਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, ਨਿਵਾਸ : 2456289

Namdhari Elibrary NamdhariElibrary@gmail.com